
# ਅੰਮ੍ਰਿਤ ਕੀਰਤਨ

ਸਤੰਬਰ 2013



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਪੈਂਤੀ ਅੱਖਰੀ-ਕਾਫ਼ੀਆਂ

## ਢ

ਢਿਲ ਨ ਮੂਲ ਕਰੀਂ ਤੂੰ ਬੰਦੇ
ਨਾਮ ਜਪਣ ਦਾ ਵੇਲਾ ਹੂ।

ਮਾਇਆ ਜੋੜੀ ਲਖ ਕਰੋੜੀ
ਸੰਗ ਨ ਜਾਵੇ ਧੇਲਾ ਹੂ।

ਜੋ ਆਇਆ ਤਿਸ ਸਰਪਰ ਜਾਣਾ
ਕਿਆ ਗੁਰੂ ਕਿਆ ਚੇਲਾ ਹੂ।

ਵਿਚ ਸੰਸਾਰ ਸੰਤੋਖ ਮੁਸਾਫਿਰ,
ਦੇਖਣ ਆਇਆ ਮੇਲਾ ਹੂ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

**ਆਨਰੇਰੀ ਸਲਾਹਕਾਰ**

**ਸ: ਹਰਚੰਦਨ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਮ੍ਰਿਤ ਅਸਾਡੜੇ ਸੇਈ 4

ਕਰਉ ਬੇਨੰਤੀਆ-ਆਪਣਾ ਮੂਲ ਪਛਾਣ 5

ਪੰਜਾਬੀ ਸੰਗੀਤ ਜਗਤ ਦਾ ਧਰੂ ਤਾਰਾ ਪ੍ਰੋਫੈਸਰ ਤਾਰਾ ਸਿੰਘ
ਰਮਨਦੀਪ ਕੌਰ 6

**ਸਿੱਖ ਧਰਮ ਵਿੱਚ ਕੀਰਤਨ ਦੀ ਮਹੱਤਤਾ**
**ਪਰਮਿੰਦਰ ਸਿੰਘ ਬਰਾੜ 12**

ਸੰਗੀਤ ਕੌਮੁਦੀ ਪੁਸਤਕ ਦਾ ਵਿਵੇਚਨਾਤਮਕ ਅਧਿਐਨ (ਚਾਰ ਭਾਗਾਂ ਵਿੱਚ ਪ੍ਰਕਾਸ਼ਿਤ)
ਰਿਸ਼ਪਾਲ ਸਿੰਘ 15

ਹਿੰਦੀ ਸਿਨੇਮਾਂ ਦੇ ਪਹਿਲੇ ਸੁਪਰ ਸਟਾਰ 'ਕੁੰਦਨਲਾਲ ਸਹਿਗਲ'
ਅਮਰਿੰਦਰ ਸਿੰਘ 18

ਭਗਤੀ ਸੰਗੀਤ-ਰਾਜਯੋਗ ਕਰਤਾਰ ਸਿੰਘ ਨੀਲਧਾਰੀ 21

ਸੁਰ ਲਿਪੀ 25

ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ 26


**ਮਾਇਕ ਸਹਾਇਤਾ ਭੇਜਣ ਦੀ ਕ੍ਰਿਪਾ ਕਰੋ ਜੀ**

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ✉ ਮਿਤ੍ਰ ਅਸਾਡੜੇ ਸੇਈ

'ਅਗਸਤ' ਅੰਕ ਦੇ ਆਰੰਭ ਵਿਚ ਜੋ ਕਥਾ ਬਿਆਨੀ ਹੈ, ਮੈਨੂੰ ਮੁੱਲਵਾਨ ਲੱਗੀ। ਚੰਗੀ ਕਹੀ ਗੱਲ ਕਥਨਕਾਰ ਦੇ ਅਨੁਭਵ ' ਸਾਰ ਹੋ ਸਕਦਾ ਹੈ। ਛਪਣ ਬਾਅਦ ਉਹ ਸਭਾ ਦਾ ਸਾਂਝਾ ਸਰਮਾਇਆ ਹੋ ਜਾਂਦਾ ਹੈ। ਮੈਂ ਇਸ ਵਿਚਾਰ ਨਾਲ ਵੀ ਮੁਤਫਿਕ ਨਹੀਂ ਕਿ ਵੱਡੀ ਕਥਾ ਵੱਡਾ ਸੰਦੇਸ਼ ਦੇਂਦੀ ਹੈ। ਇਸ ਕਥਾ ਵਿਚ 'ਸੰਜੋਗ' ਦੇ ਮਹੱਤਵ ਨੂੰ ਵੀ ਸਾਹਮਣੇ ਲਿਆਉਂਦਾ ਹੈ।

ਕਰਤਾਰ ਸਿੰਘ ਨੀਲਧਾਰੀ ਜੀ ਦੇ ਦੋ ਲੇਖ ਪੜ੍ਹਨ ਨੂੰ ਮਿਲੇ। ਤੁਹਾਡੇ ਵੱਲੋਂ ਜਾਣਕਾਰੀ ਮਿਲੀ ਕਿ ਇਹ (ਨੀਲਧਾਰੀ) ਵੀ ਇਕ 'ਸਿੱਖ ਸੰਪ੍ਰਦਾਇ ਹੈ। ਚੰਗਾ ਹੋਵੇ ਦੋ-ਤਿੰਨ ਪੰਨਿਆਂ ਵਿਚ ਕਿਸੇ ਨਾ ਕਿਸੇ ਸੰਪ੍ਰਦਾਇ ਦੀ ਜਾਣਕਾਰੀ ਦੇਂਦੀ 'ਲੇਖ ਲੜੀ' ਆਰੰਭ ਕੀਤੀ ਜਾਵੇ।

'ਹਿੰਦੀ ਫਿਲਮ ਸੰਗੀਤ ਦੇ ਅਕਸ ਵਿਚ ਪ੍ਰਦੇਸ਼ਿਕ ਸੰਗੀਤ' ਵਿਚ ਆਈ ਜਾਣਕਾਰੀ ਸਤਹੀ ਹੈ। ਲੇਖਕ ਨੇ ਸਿਰਲੇਖ ਤਾਂ ਚੰਗਾ ਭਾਰਾ-ਗੌਰਾ ਚੁਣਨ ਬਾਅਦ ਭਾਰਤੀ ਫਿਲਮ ਸੰਸਾਰ ਦੇ ਸੌ ਸਾਲਾਂ ਦੀ ਗੱਲ ਵੀ ਨਾਲ ਜੋੜ ਦਿੱਤੀ ਹੈ। ਪਰ ਲੇਖ ਦਾ ਸਰੀਰ ਉਪਰੋਕਤ ਤੱਥਾਂ ਤੋਂ ਹਲਕਾ ਹੈ।

ਤਾਕਤ ਦਾ ਮੁਜਾਹਰਾ ਤਾਂ ਹੀ ਉਚਿਤ ਹੁੰਦਾ ਹੈ ਜਦ ਉਹ ਕੇਂਦਰਤ ਹੋਵੇ।

ਜਗਤਾਰਜੀਤ ਸਿੰਘ, 118-ਏ, ਪ੍ਰਤਾਪ ਨਗਰ, ਜੇਲ੍ਹ ਰੋਡ, ਨਵੀਂ ਦਿੱਲੀ-110064, ਮੋਬਾਇਲ : 9899091186

it is always invigorating spiritually to get a copy of Amrit Kirtan and then enjoy reading it. You are 'Love Crusador' in this - I wish you good going.

Col. (Retd.) Amarjeet Singh Rattan, C/o Guru Nanak VBT Polytechni, C-4, Industrial Area, Mohali, Ph : 2229609

**मुझे लगता है हिन्दी भाषा के आर्टिकल अवश्य छपने चाहिए। पर अच्छा हो कि लिपि गुरूमुखी ही हो। इंगिलिश भाषा के आर्टिकलन कोई अधिक लाभकारी नहीं प्रतीत होते।**

**अमृत कीर्तन के सभी स्तंभ बहुत प्रभावपूर्ण लगते हैं – विशेषकर वानी के शब्द, गुझियां रमज़ां दी काफी, मित्रर असाडड़े सेई, एवं करऊँ बेनंतियां। अमृत कीर्तन के माध्यम से गुरबानी संगीत की जो सेवा आप कर रहे हैं, वह सचमुच सराहनीय है।**

**हार्दिक शुभकामनाओं सहित**

Sudarshan Lal Aneja, Neha Nikunj, F-8/3, Moden Town, Delhi, M : 9811730126

# ਸ਼ੁਕਰਾਨਾ

ਅਸੀਂ 'ਅੰਮ੍ਰਿਤ ਕੀਰਤਨ' 1989 ਭਾਵ 29 ਸਾਲਾਂ ਤੋਂ ਪ੍ਰਕਾਸ਼ਿਤ ਕਰ ਰਹੇ ਹਾਂ। ਇਹ ਮਾਸਿਕ ਪੱਤਰ ਲਗਭਗ ਮੁਫਤ ਪਾਠਕਾਂ ਤਕ ਪਹੁੰਚ ਰਿਹਾ ਹੈ। ਇਸ ਨੂੰ ਤਿਆਰ ਕਰਨ ਵਿਚ ਲੇਖਕਾਂ, ਟਾਈਪਿਸਟਾਂ, ਕੰਪੋਜ਼ਰਾਂ, ਛਾਪਕਾਂ, ਸੰਪਾਦਕਾਂ, ਪੋਸਟ ਕਰਨ ਵਾਲਿਆਂ ਆਦਿ ਅਨੇਕਾਂ ਦੀ ਮਿਹਨਤ ਅਤੇ ਮਾਇਆ ਖਰਚ ਹੁੰਦੀ ਹੈ। ਇਹ ਮੈਗਜ਼ੀਨ ਪਾਠਕਾਂ ਦੇ ਹੱਥਾਂ ਵਿਚ ਪਹੁੰਚਦਾ ਹੈ ਤਾਂ ਇਸ ਦੀ ਪਹੁੰਚ ਬਾਰੇ ਇਕ ਪ੍ਰਤੀਸ਼ਤ ਪਾਠਕ ਵੀ ਕੋਈ ਪ੍ਰਤੀਕਰਮ ਨਹੀਂ ਕਰਦੇ ਤੇ ਇਸ ਦਾ ਚੰਦਾ ਸ਼ਾਇਦ ਹਜ਼ਾਰ ਵਿਚੋਂ ਇਕ ਹੀ ਲਗਾਤਾਰ ਭੇਜਦਾ ਹੈ। ਪਰ, ਕੁਝ ਸੁਹਿਰਦ ਸੱਜਣ ਇਸ ਨੂੰ ਚਲਾਉਣ ਲਈ ਲਗਾਤਾਰ ਮਾਸਿਕ ਸਹਾਇਤਾ ਜ਼ਰੂਰ ਭੇਜਦੇ ਹਨ। ਪਾਠਕਾਂ ਦੇ ਪੱਤਰ ਵੀ ਬਹੁਤ ਘੱਟ ਆਉਂਦੇ ਹਨ। ਫਿਰ ਵੀ ਕੋਈ ਕੋਈ ਪੱਤਰ ਇਤਨਾ ਚੰਗਾ ਲਗਦਾ ਹੈ ਕਿ ਉਹ ਸਾਡੇ ਸਾਰੇ ਵਿਗੋਚੇ ਦੂਰ ਕਰ ਦਿੰਦਾ ਹੈ।

ਪਿਛਲੇ ਦਿਨੀਂ ਇਕ ਕਹਾਣੀ ਪੜ੍ਹੀ-ਸੁਣੀ। ਉਸ ਤੋਂ ਇਹ ਪਤਾ ਲੱਗਾ ਕਿ ਧੰਨਵਾਦ ਕਰਨ ਦੀ ਬਿਰਤੀ ਸਾਡੇ ਵਿਚ ਬਹੁਤ ਘਟ ਹੈ। ਹਾਂ, ਕਿਸੇ ਨੂੰ ਛਟਿਆਉਣਾ ਸਾਨੂੰ ਜ਼ਰੂਰ ਚੰਗਾ ਲਗਦਾ ਹੈ। ਸ਼ਾਇਦ ਇਸੇ ਕਰਕੇ ਗੁਰਬਾਣੀ ਵਿਚ ਦਰਜ ਹੈ :

**ਆਪਿ ਨ ਦੇਹਿ ਚੁਰੂ ਭਰਿ ਪਾਨੀ ॥ ਤਿਹ ਨਿੰਦਹਿ ਜਿਹ ਗੰਗਾ ਆਨੀ ॥੨॥**

ਉਸ ਕਹਾਣੀ ਅਨੁਸਾਰ -ਇਕ ਵਿਅਕਤੀ ਮਰ ਕੇ ਸਵਰਗ ਵਿਚ ਪੁੱਜਦਾ ਹੈ ਤਾਂ ਉਥੋਂ ਦਾ ਪ੍ਰਬੰਧ ਦੇਖਣਾ ਚਾਹੁੰਦਾ ਹੈ। ਦੇਵ ਦੂਤ ਉਸ ਨੂੰ ਸਵਰਗ ਦੇ ਦਫਤਰ ਦੀ ਸੈਰ ਕਰਵਾਉਂਦੇ ਹਨ। ਦੇਵਦੂਤ ਉਸ ਨੂੰ ਬਹੁਤ ਵੱਡੇ ਹਾਲ ਵਿਚ ਲੈ ਕੇ ਜਾਂਦੇ ਹਨ। ਉਥੇ ਵੱਡੀ ਗਿਣਤੀ ਵਿਚ ਵੱਡੀਆਂ ਵੱਡੀਆਂ ਚੀਜ਼ਾਂ ਗਿਫਟ ਪੈਕਾਂ ਵਿਚ ਪੈਕ ਕੀਤੀਆ ਜਾ ਰਹੀਆਂ ਸਨ। ਇਸ ਕੰਮ ਲਈ ਹਜ਼ਾਰਾਂ ਲੋਕ ਲੱਗੇ ਹੋਏ ਸਨ। ਵਿਅਕਤੀ ਦੇ ਪੁੱਛਣ ਤੇ ਦੇਵਦੂਤ ਦੱਸਦੇ ਹਨ ਧਰਤੀ ਤੇ ਜਿਹੜੇ ਮਨੁੱਖ ਵਸਤਾਂ ਪ੍ਰਾਪਤ ਕਰਨ ਲਈ ਅਰਦਾਸ ਕਰਦੇ ਹਨ ਉਹਨਾਂ ਲਈ ਇਹ ਚੀਜ਼ਾਂ ਪੈਕ ਕਰਕੇ ਰੱਖੀਆਂ ਜਾਂਦੀਆਂ ਹਨ।ਫਿਰ ਉਸ ਨੂੰ ਇਕ ਹੋਰ ਕਮਰਾ ਵਿਖਾਇਆ ਜਾਂਦਾ ਹੈ। ਇਥੇ ਸੈਂਕੜੇ ਲੋਕ ਉਹਨਾਂ ਗਿਫਟਾਂ ਦੀ ਡਿਲਵਰੀ ਕਰ ਰਹੇ ਸਨ। ਮਨੁੱਖ ਪੁੱਛਦਾ ਹੈ ਕਿ ਇਹ ਡਿਲਵਰੀ ਵਾਲੇ ਇਤਨੇ ਘੱਟ ਕਿਉਂ ਹਨ? ਪੈਕ ਕਰਨ ਵਾਲੇ ਹਜ਼ਾਰਾਂ ਸਨ, ਪਰ ਇਹ ਡਿਲਵਰੀ ਵਾਲੇ ਸੈਂਕੜੇ ਹਨ। ਦੇਵ ਦੂਤ ਦੱਸਦੇ ਹਨ : ਬਹੁਤੇ ਮਨੁੱਖ ਵੱਖ-ਵੱਖ ਤੋਹਫੇ ਪ੍ਰਾਪਤ ਕਰਨ ਲਈ ਅਰਦਾਸਾਂ ਤਾਂ ਕਰਦੇ ਹਨ, ਪਰ ਉਹਨਾਂ ਲਈ ਲੋੜੀਂਦਾ ਕੰਮ ਨਹੀਂ ਕਰਦੇ। ਇਸ ਲਈ ਘੱਟ ਵਸਤਾਂ ਹੀ ਡਿਲਵਰ ਹੁੰਦੀਆਂ ਹਨ।

ਫਿਰ ਉਹ ਤੀਜੇ ਕਮਰੇ ਵਿਚ ਜਾਂਦੇ ਹਨ। ਉਥੇ ਇਕ ਵਿਅਕਤੀ ਇਕ ਰਜਿਸਟਰ ਲੈ ਕੇ ਵਿਹਲਾ ਬੈਠਾ ਸੀ। ਦੇਵ ਦੂਤ ਦੱਸਦੇ ਹਨ ਕਿ ਜਿਹਨਾਂ ਲੋਕਾਂ ਨੂੰ ਤੋਹਫੇ ਮਿਲਦੇ ਹਨ, ਉਹਨਾਂ ਵਿਚੋਂ ਨਾਮ ਮਾਤਰ ਹੀ ਸ਼ੁਕਰਾਨਾ ਕਰਦੇ ਹਨ। ਇਸ ਲਈ ਇਸ ਕੰਮ ਲਈ ਇਕ ਵਿਅਕਤੀ ਹੀ ਕਾਫੀ ਹੈ।

ਉਪਰੋਕਤ ਅਨੁਪਾਤ ਨੂੰ ਵੇਖਦਿਆਂ ਸਾਡੇ ਪਾਠਕਾਂ ਵੱਲੋਂ ਜਿਹੜੇ ਪੱਤਰ ਪ੍ਰਸ਼ੰਸਾ ਵਜੋਂ ਆਉਂਦੇ ਹਨ, ਉਹਨਾਂ ਲਈ ਅਸੀਂ ਸਭ ਦੇ ਸ਼ੁਕਰਗੁਜ਼ਾਰ ਹਾਂ।ਭੁੱਲ ਚੁੱਕ ਖਿਮਾਂ...

# ਪੰਜਾਬੀ ਸੰਗੀਤ ਜਗਤ ਦਾ ਧਰੂ ਤਾਰਾ ਪ੍ਰੋਫੈਸਰ ਤਾਰਾ ਸਿੰਘ

## (1919–1988)

ਰਮਨਦੀਪ ਕੌਰ (ਲੈਕਚਰਾਰ ਸੰਗੀਤ)

ਪੰਜਾਬ ਦੇ ਪ੍ਰਸਿੱਧ ਸੰਗੀਤਾਚਾਰੀਆ ਸਵਰਗੀ ਪ੍ਰੋ. ਤਾਰਾ ਸਿੰਘ ਜੀ ਦੇ ਨਾਮ ਤੋਂ ਕੌਣ ਵਾਕਿਫ਼ ਨਹੀ । ਬਹੁ–ਪੱਖੀ ਸੰਗੀਤਿਕ ਪ੍ਰਤਿਭਾ ਕਾਰਨ ਉਹਨਾ ਦੀ ਪੰਜਾਬੀ ਸੰਗੀਤ ਵਿੱਚ ਇੱਕ ਵੱਖਰੀ ਹੀ ਪਹਿਚਾਣ ਸੀ ਜੋ ਸਮੁੱਚੇ ਭਾਰਤੀ ਸੰਗੀਤ ਵਿੱਚ ਮਹੱਤਵਪੂਰਨ ਸਥਾਨ ਰੱਖਦੀ ਹੈ। ਪ੍ਰੋ: ਤਾਰਾ ਸਿੰਘ ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਦੀ ਉਹ ਮਹਾਨ ਸ਼ਖਸ਼ੀਅਤ ਸਨ ਜਿਨਾਂ ਨੇ ਆਪਣਾ ਸਮੁੱਚਾ ਜੀਵਨ ਸੰਗੀਤ ਕਲਾ ਦੇ ਲੇਖੇ ਲਾ ਕੇ ਸੰਗੀਤ ਰੂਪੀ ਜੋਤ ਨੂੰ ਨਿਤਾਂਤ–ਪਰਿਜਵੱਲਿਤ ਰੱਖਿਆ।

ਇਸ ਮਹਾਨ ਸੰਗੀਤਾਚਾਰੀਆ ਦਾ ਜਨਮ ਜਿਲ੍ਹਾ ਰੋਪੜ ਦੇ ਪਿੰਡ ਸਿੱਧੂਪੁਰ ਖੁਰਦ ਵਿੱਚ ਸ੍ਰ: ਬਾਰਾ ਸਿੰਘ ਦੇ ਘਰ ਮਾਤਾ ਰਾਏ ਕੌਰ ਦੀ ਕੁਖੋ 18 ਸਤੰਬਰ 1919 ਨੂੰ ਹੋਇਆ। ਤਾਰਾ ਸਿੰਘ ਦੇ ਮੰਦੇ ਭਾਗਾ ਨੂੰ 22 ਦਿਨਾਂ ਦੀ ਉਮਰ ਵਿੱਚ ਹੀ ਮਾਤਾ ਰਾਏ ਕੌਰ ਦਾ ਦੇਹਾਂਤ ਹੋ ਗਿਆ ਅਤੇ ਇਹਨਾਂ ਦਾ ਪਾਲਣ ਪੋਸ਼ਣ ਦਾ ਜਿੰਮਾ ਚਾਚਾ ਅਰਜਨ ਸਿੰਘ ਅਤੇ ਚਾਚੀ ਹਰਨਾਮ ਕੌਰ ਨੇ ਸਵੀਕਾਰਿਆ । ਸ੍ਰ: ਬਾਰਾ ਸਿੰਘ ਸਧਾਰਨ ਕਿਸਾਨ ਸਨ ਜਿੰਨਾ ਦੀਆਂ ਜੀਵਨ ਦੀਆ ਲੋੜਾਂ ਵੀ ਪੂਰੀਆ ਨਹੀ ਸਨ ਹੁੰਦੀਆਂ। ਸ੍ਰ: ਬਾਰਾ ਸਿੰਘ ਅਲਬੇਲੀ ਤਬੀਅਤ ਦੇ ਮਾਲਕ ਸਨ ਜਿਨਾਂ ਨੂੰ ਲੋਕ ਗਥਾਵਾਂ, ਵਾਰਾਂ ਅਤੇ ਕਿੱਸੇ ਗਾਉਣ ਦਾ ਕਾਫੀ ਸ਼ੌਂਕ ਸੀ ਜਿਸ ਕਰਕੇ ਆਪ ਜੀ ਦੇ ਹੁਨਰ ਦੀ ਪਿੰਡ ਵਿੱਚ ਕਾਫੀ ਪੁਛ ਗਿੱਛ ਸੀ ਇਸ ਪ੍ਰਕਾਰ ਬਾਲਕ ਤਾਰਾ ਸਿੰਘ ਨੂੰ ਗਾਉਣ ਦੀ ਪ੍ਰੇਰਨਾ ਅਤੇ ਲਗਨ ਵਿਰਸੇ ਵਿੱਚੋਂ ਪ੍ਰਾਪਤ ਹੋਈ। ਬਾਲਕ ਤਾਰਾ ਸਿੰਘ ਬੜੀ ਸਿੱਦਤ ਨਾਲ ਆਪਣੇ ਪਿਤਾ ਨੂੰ ਮਸਤੀ ਵਿੱਚ ਗਾਉਂਦਿਆ ਸੁਣਦੇ ਰਹਿੰਦੇ । ਸ੍ਰ: ਬਾਰਾ ਸਿੰਘ ਨੂੰ ਵੀ ਆਪਣੇ ਪੁੱਤਰ ਦੀ ਕਲਾਕਾਰਨਾ ਤਬੀਅਤ ਦੀ ਪਛਾਣ ਹੋ ਗਈ ਅਤੇ ਉਹਨਾਂ ਆਪਣੇ ਪੁੱਤਰ ਨੂੰ ਸੰਗੀਤ ਕਲਾਕਾਰ ਬਣਾਉਣ ਦਾ ਪ੍ਰਣ ਕੀਤਾ ਜੋ ਪ੍ਰੋ: ਤਾਰਾ ਸਿੰਘ ਨੇ ਅਣਥੱਕ ਮਿਹਨਤ ਸਦਕਾ ਸੱਚ ਕਰ ਵਿਖਾਇਆ।

ਸੰਗੀਤ ਸਿੱਖਿਆ:– ਪ੍ਰੋ: ਤਾਰਾ ਸਿੰਘ ਜੀ ਦੀ ਸ਼ੁਰੂਆਤੀ ਸਿੱਖਿਆ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਹੀ ਹੋਈ ਪਿੰਡ ਦੇ ਗ੍ਰੰਥੀ ਕਾਲਾ ਸਿੰਘ ਨੇ ਤਾਰਾ ਸਿੰਘ ਨੂੰ ਪਾਠ ਸਿਖਾਇਆ ਪ੍ਰੰਤੂ ਆਪ ਦਾ ਮਨ ਹਰ ਸਮੇਂ ਸੰਗੀਤ ਵਿੱਚ ਰੁਝਿਆ ਰਹਿੰਦਾ । ਪਿਤਾ ਆਪਣੇ ਪੁੱਤਰ ਦੀ ਇੱਛਾ ਨੂੰ ਪੂਰਾ ਕਰਨ ਲਈ ਪਿੰਡ ਹਰਗਣਾ ਵਿਖੇ ਭਾਈ ਸੰਪੂਰਨ ਸਿੰਘ ਦੇ ਸੰਗੀਤ ਵਿਦਿਆਲਾ ਵਿਖੇ ਲੈ ਗਏ। ਆਰਥਿਕ ਪਰਿਸਥਿਤੀਆਂ ਨਾਲ ਜੁਝਦੇ ਹੋਏ ਆਪ ਜੀ ਨੇ ਸੰਗੀਤ ਵਿਦਿਆਲਾ ਦੀ ਫੀਸ ਅਦਾ ਕੀਤੀ ਅਤੇ ਭਾਈ ਸੰਪੂਰਨ ਸਿੰਘ ਪਾਸੋਂ ਸੰਗੀਤ ਦੀ ਵਿਧੀਵੱਤ ਸਿਖਿਆ ਲੈਣੀ ਆਰੰਭ ਕੀਤੀ ਜਿੱਥੇ ਪ੍ਰੋ: ਸਾਹਿਬ ਨੂੰ ਗੁਰਬਾਣੀ ਕੀਰਤਨ ਦਾ ਬੋਧ

ਪ੍ਰਾਪਤ ਹੋਇਆ। ਇਸ ਤਰਾਂ ਪ੍ਰੋ: ਤਾਰਾ ਸਿੰਘ ਨੇ ਆਰੰਭਿਕ ਜੀਵਨ ਵਿੱਚ ਗੁਰਬਾਣੀ ਕੀਰਤਨ ਰਾਹੀਂ ਸੰਗੀਤਕ ਦੁਨੀਆਂ ਵਿੱਚ ਪ੍ਰਵੇਸ਼ ਕੀਤਾ। ਪ੍ਰੋ: ਤਾਰਾ ਸਿੰਘ ਆਪਣੀ ਸੁਰੀਲੀ ਅਵਾਜ਼ ਅਤੇ ਸਿਰੜੀ ਇਨਸਾਨ ਹੋਣ ਕਰਕੇ ਭਾਈ ਸੰਪੂਰਨ ਸਿੰਘ ਦੇ ਲਾਡਲੇ ਅਤੇ ਹਰਮਨ ਪਿਆਰੇ ਸ਼ਗਿਰਦ ਬਣ ਗਏ। ਭਾਈ ਸਾਹਿਬ ਹੋਰਨਾਂ ਬਾਲਕਾਂ ਨਾਲੋਂ ਜਿਆਦਾ ਪਿਆਰ ਪ੍ਰੋ: ਸਾਹਿਬ ਨੂੰ ਕਰਿਆ ਕਰਦੇ ਸਨ ਜਿਸ ਕਰਕੇ ਈਰਖਾ ਵਸ ਹੋ ਕੇ ਹੋਰਨਾ ਸਹਿਪਾਠੀਆਂ ਨੇ ਪ੍ਰੋ: ਸਾਹਿਬ ਨੂੰ ਸੰਧੂਰ ਖੁਆ ਦਿੱਤਾ । ਨਤੀਜੇ ਵਜੋਂ ਆਪ ਜੀ ਦੀ ਆਵਾਜ਼ ਕੁਝ ਸਮੇਂ ਲਈ ਬਿਲਕੁੱਲ ਬੰਦ ਹੋ ਗਈ ਅਤੇ ਬਾਅਦ ਵਿੱਚ ਉਹ ਮਿਠਾਸ ਨਾ ਰਹੀ। ਸਹਿਪਾਠੀਆਂ ਦੀ ਇਸ ਹਰਕਤ ਤੋਂ ਨਿਰਾਸ਼ ਹੋ ਕੇ ਆਪ ਵਾਪਿਸ ਘਰ ਚਲੇ ਗਏ।ਸ੍ਰ: ਬਾਰਾ ਸਿੰਘ ਨੇ ਇਸ ਘਟਨਾ ਨੂੰ ਪ੍ਰਮਾਤਮਾ ਦਾ ਭਾਣਾ ਮੰਨਦੇ ਹੋਏ ਆਪਣੇ ਪੁੱਤਰ ਨੂੰ ਤਬਲਾ ਸਿੱਖਣ ਲਈ ਪ੍ਰੇਰਿਆ ਅਤੇ ਤਬਲੇ ਦੀ ਤਾਲੀਮ ਦਵਾਈ। ਪ੍ਰੋ: ਤਾਰਾ ਸਿੰਘ  ਭਾਈ ਸਾਹਿਬ ਪਾਸੋਂ ਅੱਠ ਸਾਲ ਗੁਰਬਾਣੀ ਸੰਗੀਤ ਦੀ ਸਿਖਿਆ ਗ੍ਰਹਿਣ ਕਰਨ ਤੋਂ ਬਾਅਦ 1935 ਈ: ਵਿੱਚ ਭਾਈ ਸੰਪੂਰਨ ਸਿੰਘ ਦੇ ਜੱਥੇ ਦੇ ਨਾਲ ਬਰਮਾ ਚਲੇ ਗਏ । ਇੱਥੋ ਦੇ ਸੰਗੀਤਕ ਮਾਹੌਲ ਨੇ ਪ੍ਰੋ: ਸਾਹਿਬ ਨੂੰ ਬਹੁਤ ਪ੍ਰਭਾਵਿਤ ਕੀਤਾ ।ਇਥੇ ਇਹਨਾਂ ਦਾ ਮੇਲ ਸ਼੍ਰੀ ਨਿਤਯਾ ਨੰਦ ਚੋਪੜਾ ਨਾਲ ਹੋਇਆ ਜਿਨ੍ਹਾਂ ਦੀ ਪ੍ਰੇਰਣਾ ਸਦਕਾ ਆਪ ਨੇ ਸ਼ਾਸ਼ਤਰੀ ਸੰਗੀਤ ਦੀ ਵਿਧੀਪੂਰਵਕ ਸਿਖਿਆ ਲੈਣ ਦਾ ਮਨ ਬਣਾਇਆ । ਆਪ ਨੇ ਨਿਤਯਾ ਨੰਦ ਚੋਪੜਾ, ਐਨ. ਐਨ ਘੋਸ਼, ਉਸਤਾਦ ਬਾਸੂ ਖਾਂ ਅਤੇ ਪੰਡਿਤ ਵਿਸ਼ਨੂੰ ਦਿਗੰਬਰ ਪਲੂਸਕਰ ਦੇ ਸ਼ਿਸ਼ ਪੰਡਿਤ ਐਲ.ਡੀ ਭਾਗਵਤ ਤੋ ਸ਼ਾਸ਼ਤਰੀ ਸੰਗੀਤ ਦੀ ਤਾਲੀਮ ਪ੍ਰਾਪਤ ਕੀਤੀ। ਆਪ ਜੀ ਨੇ ਗਾਇਨ ਦੇ ਨਾਲ-ਨਾਲ ਵਾਦਨ ਸ਼ੈਲੀਆਂ ਦੀ ਵੀ ਸਿੱਖਿਆ ਪ੍ਰਾਪਤ ਕੀਤੀ। ਪ੍ਰੋ: ਸਾਹਿਬ ਨੇ ਸਿਤਾਰ ਦੀ ਸਿੱਖਿਆ ਬਰਮਾ ਦੇ ਸ਼੍ਰੀ ਚਿੰਤਾਮਣੀ ਪਾਸੋ ਪ੍ਰਾਪਤ ਕਰਨ ਤੋਂ ਬਾਅਦ ਵਾਪਿਸ ਭਾਰਤ ਆ ਕੇ ਮੁਹੰਮਦ ਉਮਰ ਖਾਂ ਸਾਹਿਬ ਤੋਂ ਸਿਤਾਰ ਦੀ ਸਿਖਿਆ ਲਈ । ਪ੍ਰੋ: ਸਾਹਿਬ ਨੇ ਸੰਗੀਤ ਵਿਸ਼ਾਰਦ ਗਾਇਨ ਅਤੇ ਵਾਦਨ ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ ਅਤੇ ਪਰਿਆਗ ਸੰਗੀਤ ਸਮਿਤੀ ਇਲਾਹਬਾਦ ਤੋਂ ਗਾਇਨ ਅਤੇ ਵਾਦਨ ਵਿੱਚ ਸੰਗੀਤ ਪ੍ਰਵੀਨ ਦੇ ਇਮਤਿਹਾਨ ਪਾਸ ਕੀਤੇ। ਇਸ ਤੋਂ ਬਾਅਦ ਭਾਈ ਰਣਧੀਰ ਸਿੰਘ ਅਤੇ ਬਾਬਾ ਅਜੀਤ ਸਿੰਘ ਜੀ ਦੀ ਪ੍ਰੇਰਨਾ ਸਦਕਾ ਆਪ ਜੀ ਦੀ ਰੁੱਚੀ ਗੁਰਬਾਣੀ ਦੇ ਸ਼ੁੱਧ ਉਚਾਰਣ ਅਤੇ ਗੁਰਬਾਣੀ ਸੰਗੀਤ ਦੀ ਖੋਜ ਵੱਲ ਵਧੇਰੇ ਹੋ ਗਈ।

ਅਧਿਆਪਨ ਕਾਰਜ:- ਭਾਰਤੀ ਸੰਗੀਤ ਦੇ ਮਹਾਨ ਸੰਗੀਤਕਾਰਾਂ ਪਾਸੋਂ ਸੰਗੀਤ ਦੇ ਵਿਵਿਧ ਪੱਖਾਂ ਦੀ ਸਿਖਿਆ ਗ੍ਰਹਿਣ ਕਰਨ ਤੋਂ ਬਾਦ ਆਪ ਜੀ ਦਾ ਗਿਆਨ ਭੰਡਾਰ ਕਾਫੀ ਵਿਸ਼ਾਲ ਹੋ ਚੁੱਕਿਆ ਸੀ। ਆਪ ਨੇ ਉਪਜੀਵਕਾ ਲਈ ਸੰਗੀਤ ਖੇਤਰ ਵਿੱਚ ਮਹੱਤਪੂਰਨ ਅਹੁੱਦਿਆਂ ਤੇ ਕੰਮ ਕੀਤਾ। ਪ੍ਰੋ: ਤਾਰਾ ਸਿੰਘ ਜੀ ਨੇ ਖਾਲਸਾ ਗਰਲਜ਼ ਸਕੂਲ ਸਿੱਧਵਾਂ ਖੁਰਦ ਵਿਖੇ ਦੋ ਸਾਲ ਤੱਕ ਕਾਰਜ ਕੀਤਾ । ਇਸ ਉਪਰੰਤ ਸਰਕਾਰੀ ਮਹਿਲਾ ਕਾਲਜ ਲੁਧਿਆਣਾ ਵਿਖੇ ਅੱਠ ਸਾਲ ਤੱਕ ਬਤੌਰ ਅਧਿਆਪਕ ਸੰਗੀਤ ਦੀ ਸੇਵਾ ਕੀਤੀ । ਪ੍ਰਿੰਸੀਪਲ ਸੁਧਾ ਸੇਨ ਦੀ ਪ੍ਰੇਰਣਾ ਸਦਕਾ 1954 ਵਿੱਚ ਸਰਕਾਰੀ ਮਹਿਲਾ ਕਾਲਜ ਪਟਿਆਲਾ ਵਿਖੇ ਬਤੌਰ ਸੰਗੀਤ ਅਧਿਆਪਕ ਨਿਯੁਕਤ ਹੋ ਗਏ । 1954 ਵਿੱਚ ਪੈਪਸੂ ਸਰਕਾਰ ਦੀ ਵਿਦਿਅਕ ਸੇਵਾ ਵਿੱਚ ਪਹਿਲੇ ਸੰਗੀਤ ਪ੍ਰਾਧਿਆਪਕ ਨਿਯੁਕਤ ਹੋਏ (ਪ੍ਰੋ: ਸਾਹਿਬ ਪਹਿਲੇ ਵਿਅਕਤੀ ਸਨ ਜਿਨਾਂ ਨੂੰ ਬਤੌਰ ਗਜਟਿਡ ਅਫਸਰ ਨਿਯੁਕਤ ਹੋਣ ਦਾ ਸੁਭਾਗ ਪ੍ਰਾਪਤ ਹੋਇਆ) ਇਸ ਸਮੇਂ ਦੌਰਾਨ ਆਪ ਸੰਗੀਤ

ਨਾਲ ਸਬੰਧਿਤ ਯੂਨੀਵਰਸਿਟੀ ਬੋਰਡ ਦੇ ਚੇਅਰਮੈਨ, ਪ੍ਰੀਖਿਅਕ ਅਤੇ ਬਤੌਰ ਵਿਸ਼ੇਸ਼ਗ ਕਾਰਜ ਕਰਦੇ ਰਹੇ। ਇਸ ਦੇ ਨਾਲ ਆਪ ਜੀ ਆਕਾਸ਼ਵਾਣੀ ਜਲਧੰਰ ਦੇ ਆਡੀਸ਼ਨ ਬੋਰਡ ਅਤੇ ਐਡਵਾਈਜ਼ਰੀ ਕਮੇਟੀ ਦੇ ਮੈਂਬਰ ਵੀ ਰਹੇ।

ਰਚਨਾਕਾਰ ਦੇ ਰੂਪ ਵਿੱਚ :- ਪ੍ਰੋ: ਤਾਰਾ ਸਿੰਘ ਦਾ ਪੰਜਾਬ ਵਿੱਚ ਸੰਗੀਤ ਦੇ ਅਕਾਦਿਮਕ ਖੇਤਰ ਵਿੱਚ ਕੀਤਾ ਗਿਆ ਸਮੁੱਚਾ ਕਾਰਜ ਸਰਾਹੁਣ ਯੋਗ ਹੈ। ਪ੍ਰੋ: ਸਾਹਿਬ ਨੇ ਅਕਾਦਮਿਕ ਲੋੜਾ ਦੀ ਪੂਰਤੀ ਹਿੱਤ ਸੰਗੀਤ ਦੇ ਖੇਤਰ ਨਾਲ ਸਬੰਧਿਤ ਹਰ ਵਰਗ ਲਈ ਪੁਸਤਕਾਂ ਦੇ ਲੇਖਨ ਦਾ ਕਾਰਜ ਨੇਪਰੇ ਚਾੜਿਆ ਅਤੇ ਆਪਣੀ ਖੋਜ ਰੁਚੀ ਨੂੰ ਇਸ ਉਪਰ ਕੇਂਦਰਿਤ ਕੀਤਾ। ਆਪ ਜੀ ਨੇ ਸੰਗੀਤ ਦੀ ਦਿਸ਼ਾ ਅਤੇ ਦਸ਼ਾ ਨੂੰ ਧਿਆਨ ਵਿੱਚ ਰੱਖਦੇ ਹੋਏ ਬਹੁ-ਗਿਣਤੀ ਪੁਸਤਕਾਂ ਦੀ ਰਚਨਾ ਕੀਤੀ ਜਿਵੇਂ:-

| | |
|---|---|
| ਵਾਦਨ (ਅੱਠਵੀ ਸ਼੍ਰੇਣੀ ਲਈ) | ਪੰਜਾਬ ਸਕੂਲ ਸਿੱਖਿਆ ਬੋਰਡ |
| ਵਾਦਨ ਕਲਾ (ਬੀ.ਏ. ਲਈ) | ਪੰਜਾਬੀ ਯੂਨੀ. ਪਟਿਆਲਾ |
| ਸਿਤਾਰ ਤਿਰੰਗਣੀ | ਪੰਜਾਬ ਸਟੇਟ ਯੂਨੀ. ਟੈਕਸਟ ਬੁੱਕ ਬੋਰਡ |
| ਸੰਗੀਤ ਸ਼ਾਸ਼ਤਰ (ਦੋ ਭਾਗ) | ਅਨੁਵਾਦ, ਪੰਜਾਬੀ ਯੂਨੀ. ਪਟਿਆਲਾ |
| ਪੰਜਾਬ ਦੇ ਪ੍ਰਸਿੱਧ ਸੰਗੀਤਕਾਰ | ਭਾਸ਼ਾ ਵਿਭਾਗ ਪੰਜਾਬ |
| ਰਵਾਇਤੀ ਅਤੇ ਆਧੁਨਿਕ ਸੰਗੀਤ ਸਾਜ਼ | ਭਾਸ਼ਾ ਵਿਭਾਗ ਪੰਜਾਬ |

ਪ੍ਰੋ. ਤਾਰਾ ਸਿੰਘ ਦੀ ਗੁਰਮਤਿ ਸੰਗੀਤ ਨੂੰ ਵਿਲੱਖਣ ਦੇਣ ਹੈ। ਪ੍ਰੋ: ਸਾਹਿਬ ਨੇ ਗੁਰਮਤਿ ਸੰਗੀਤ ਵਿਧਾ ਅਨੁਸਾਰ ਸਮੁੱਚੀ ਗੁਰਬਾਣੀ ਨੂੰ ਰਾਗਬੱਧ ਕਰਨ ਦਾ ਉਪਰਾਲਾ ਕੀਤਾ ਹੈ। ਗੁਰਬਾਣੀ ਕੀਰਤਨ ਪਰੰਪਰਾ ਵਿੱਚ ਆਏ ਨਿਘਾਰ ਨੂੰ ਪ੍ਰੋ: ਸਾਹਿਬ ਨੇ ਬਹੁਤ ਹੀ ਸਿਦਤ ਨਾਲ ਮਹਿਸੁਸ ਕੀਤਾ। ਆਪ ਨੇ ਗੁਰਬਾਣੀ ਸੰਗੀਤ ਦਾ ਘੋਖਵਾਂ ਅਧਿਐਨ ਕਰਨ ਉਪਰੰਤ ਕਈ ਸੰਗੀਤਕ ਸੰਕੇਤਾਂ ਅਤੇ ਸਿਰਲੇਖਾਂ ਦਾ ਖੁਲਾਸਾ ਕੀਤਾ। ਗੁਰਬਾਣੀ ਦੇ ਕੁੱਲ 65 ਰਾਗਾਂ ਨੂੰ ਲਿਪੀਬੱਧ ਕਰਕੇ ਪੁਸਤਕਾਂ ਦੇ ਰੂਪ ਵਿੱਚ ਨੇਪਰੇ ਚਾੜਨਾ ਆਪ ਜੀ ਦਾ ਸਲਾਘਾਯੋਗ ਕਾਰਜ ਹੈ। ਆਪ ਜੀ ਦੀਆ ਅਧਿਆਤਮਿਕ ਰਚਨਾਵਾਂ ਹੇਠਲ਼ਿਖਿਤ ਹਨ:

| | |
|---|---|
| ਗੁਰੂ ਨਾਨਕ ਦੇਵ ਰਾਗ ਰਤਨਾਵਲੀ | ਅਪਰਕਾਸ਼ਤ |
| ਗੁਰੂ ਅੰਗਦ ਦੇਵ ਰਾਗ ਰਤਨਾਵਲੀ | |
| ਗੁਰੂ ਅਮਰਦਾਸ ਰਾਗ ਰਤਨਾਵਲੀ | ਲੋਕ ਸੰਪਰਕ ਵਿਭਾਗ ਪੰਜਾਬ |
| ਗੁਰੂ ਰਾਮਦਾਸ ਰਾਗ ਰਤਨਾਵਲੀ | ਪੰਜਾਬੀ ਯੂਨੀਵਰਸਿਟੀ ਪਟਿਆਲਾ |
| ਗੁਰੂ ਅਰਜਨ ਦੇਵ ਰਾਗ ਰਤਨਾਵਲੀ | ਪੰਜਾਬੀ ਯੂਨੀਵਰਸਿਟੀ ਪਟਿਆਲਾ |
| ਗੁਰੂ ਤੇਗ ਬਹਾਦਰ ਰਾਗ ਰਤਨਾਵਲੀ | ਪੰਜਾਬੀ ਯੂਨੀਵਰਸਿਟੀ ਪਟਿਆਲਾ |

| | |
|---|---|
| ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ | ਪੰਜਾਬੀ ਯੂਨੀਵਰਸਿਟੀ ਪਟਿਆਲਾ |
| ਗੁਰੂ ਗੋਬਿੰਦ ਸਿੰਘ ਰਾਗ ਰਤਨਾਵਲੀ | ਅੰਮ੍ਰਿਤ ਕੀਰਤਨ ਟਰੱਸਟ |
| ਭਗਤ ਰਾਗ ਰਤਨਾਵਲੀ | ਅਗਿਆਤ |
| ਭਗਤ ਰਵੀਦਾਸ ਰਾਗ ਰਤਨਾਵਲੀ | ਅਪਰਕਾਸ਼ਤ |
| ਭਗਤ ਨਾਮਦੇਵ ਰਾਗ ਰਤਨਾਵਲੀ | ਅਪਰਕਾਸ਼ਤ |
| ਭਗਤ ਕਬੀਰ ਰਾਗ ਰਤਨਾਵਲੀ | ਅਪਰਕਾਸ਼ਤ |
| ਦਸਮ ਗ੍ਰੰਥ, ਸਰਬਲੋਹ ਰਾਗ ਰਤਨਾਵਲੀ, | ਅਪਰਕਾਸ਼ਤ |
| ਗੁਰੂ ਅਮਰਦਾਸ ਰਾਗ ਰਤਨਾਕਰ | ਗੁਰਮਤਿ ਸੰਗੀਤ ਪ੍ਰਕਾਸ਼ਨ ਪਟਿਆਲਾ |

ਪੜਤਾਲ ਗਾਇਕੀ

ਵਾਗੇਆਕਾਰ ਦੇ ਰੂਪ ਵਿੱਚ:

ਪ੍ਰੋ. ਤਾਰਾ ਸਿੰਘ ਜੀ ਨੇ ਗੁਰਬਾਣੀ ਨੂੰ ਸਵਰ ਲਿਪੀਬੱਧ ਕਰਨ ਦੇ ਨਾਲ-ਨਾਲ ਅਨੇਕ ਬੰਦਸ਼ਾਂ ਦੀ ਰਚਨਾ ਵੀ ਕੀਤੀ । ਉਤਰੀ ਭਾਰਤੀ ਸੰਗੀਤ ਵਿੱਚ ਭਾਤਖੰਡੇ ਜੀ ਦੇ ਕਾਰਜ ਨੂੰ ਬਹੁਤ ਹੀ ਅਹਿਮ ਮੰਨਿਆ ਜਾਂਦਾ ਹੈ ਕਿਉਕਿ ਭਾਤਖੰਡੇ ਰਚਿਤ ਕ੍ਰਮਿਕ-ਪੁਸਤਕ ਮਲਿਕਾ (ਛੇ ਭਾਗਾਂ ਵਿੱਚ) ਬੰਦਸ਼ਾਂ ਦਾ ਸੰਗ੍ਰਹਿ ਹੈ ਜਿਸ ਵਿੱਚ 181 ਰਾਗਾਂ ਅਧੀਨ 1865 ਬੰਦਸ਼ਾਂ ਹਨ ਪ੍ਰੰਤੂ ਪ੍ਰੋ: ਤਾਰਾ ਸਿੰਘ ਰਾਹੀ ਕੀਤੇ ਗਏ ਖੋਜ ਕਾਰਜਾਂ ਉਪਰ ਨਜ਼ਰ ਮਾਰੀਏ ਤਾਂ ਇਹਨਾਂ ਦੀਆਂ ਮੌਲਿਕ ਰਚਨਾਵਾਂ ਦੀ ਸੰਖਿਆ ਲੱਗਭਗ 5000 ਹੈ। ਜੋ ਪ੍ਰੋ: ਸਾਹਿਬ ਦੀ ਹਿੰਦੁਸਤਾਨੀ ਸੰਗੀਤ ਨੂੰ ਵਿਲੱਖਣ ਦੇਣ ਹੈ।ਆਪ ਨੇ ਆਪਣੀਆਂ ਬੰਦਸ਼ਾਂ ਦੀ ਸੁਰ ਰਚਨਾ ਅਤੇ ਸੁਰ ਲਿਪੀ ਹੀ ਤਿਆਰ ਨਹੀ ਕੀਤੀ ਸਗੋ ਉੱਤਮ ਕਾਵਿ ਦਾ ਪ੍ਰਯੋਗ ਕੀਤਾ ਆਪ ਨੇ ਸੰਗੀਤ ਦੇ ਵਿਵਿਧ ਪੱਖਾਂ ਨੂੰ ਮੱਦੇਨਜਰ ਰੱਖਦੇ ਹੋਏ ਬੰਦਸ਼ਾਂ ਦੀ ਰਚਨਾ ਕੀਤੀ ਆਪਜੀ ਦੀਆਂ ਰਚਨਾਵਾਂ ਸਦਕਾ ਭਾਰਤੀ ਸੰਗੀਤ ਵਿੱਚ ਆਪ ਨੂੰ ਸਤਿਕਾਰ ਵਜੋਂ ਗੁਰਮਤਿ ਸੰਗੀਤਾਚਾਰੀਆ ਪੁਕਾਰਿਆ ਜਾਂਦਾ ਹੈ। ਆਪਜੀ ਦੀਆਂ ਬੰਦਸ਼ਾਂ ਦੇ ਕੁਝ ਨਮੂਨੇ:

ਰਾਗ ਭਟਿਆਰ

ਸਥਾਈ : ਅਬ ਘਰਵਾ ਜਾਨੇ ਦੇ ਪੀਅਰਵਾ

ਮੀਤ ਪੀਅਰਵਾ ਮੋਰੇਮਨ ਹਰਵਾ

ਰੈਨ ਗਈ ਅਬ ਬਹੁਤ ਸਜਨਵਾ

ਰਾਗ ਜੋਗਕੌਂਸ

ਸਥਾਈ: ਏ ਕਵਨ ਬਿੱਧ ਜਈਏ ਹੋ,

ਪੀਆ ਮਿਲਨ ਕੋ ਦੇਹੋ ਸੰਦੇਸਵਾ।

ਅੰਤਰਾ: ਪੰਖ ਮਿਲੇ ਤੋਂ ਉਡ ਕਰ ਜਾਉ,

ਢੂੰਡੂ ਸਗਰੇ ਦੇਸ਼ ਬਿਦੇਸ਼ਵਾ।

ਰਾਗ ਗੁਣਕਲੀ

ਸਥਾਈ: ਹੇ ਪਰਵਰਦਗਾਰ ਕਰੀਮ ਰਹੀਮ,

ਹੇ ਕਰਤਾਰ, ਕਰਮ ਕਰੋ ਆਜਜਪਰ।

ਅੰਤਰਾ: ਇਤਨੀ ਅਰਜ ਮੋਰੀ ਸੁਨੀਏ ਵਿਧਾਤਾ,

ਦੀਨੋ ਦਾਨ ਮੋਹੇ ਅਪਨੋ ਸਮਝਕਰ।

ਪ੍ਰੋ: ਸਾਹਿਬ ਨੇ ਜਿੱਥੇ ਵੰਨ ਸੁਵੰਨੀਆ ਬੰਦਸ਼ਾਂ ਦੀ ਰਚਨਾ ਹਿੰਦੀ, ਬ੍ਰਿਜ ਭਾਸ਼ਾ ਵਿੱਚ ਕੀਤੀ ਉਥੇ ਆਪ ਦੀਆਂ ਪੰਜਾਬੀ ਭਾਸ਼ਾਈ ਬੰਦਸ਼ਾਂ ਆਪਣਾ ਇਕ ਨਿਵੇਕਲਾ ਸਥਾਨ ਰੱਖਦੀਆਂ ਹਨ। ਪੰਜਾਬੀ ਭਾਸ਼ਾਈ ਇਹ ਬੰਦਸ਼ਾਂ ਕਿਸੇ ਵਿਸ਼ੇਸ਼ਣ ਦੀਆਂ ਮੁਹਤਾਜ ਨਹੀ । ਪੰਜਾਬੀ ਭਾਸ਼ਾਈ ਬੰਦਸ਼ਾਂ ਦੇ ਕੁਝ ਨਮੂਨੇ:

ਸਥਾਈ: ਢੋਲਣ ਅੱਜ ਸਾਡੇ ਘਰ ਆਇਆ

ਨੀ ਮੈਂ ਕਿੰਝ ਕਰਾ ਮੇਜ਼ਬਾਨੀ।

ਅੰਤਰਾ: ਚਿਰੀ ਵਿਛੁਨਾ ਮਾਹੀ ਮਿਲਿਆ

ਮੈਡਾ ਜੀਅੜਾ ਅਤਿ ਹੁਲਸਾਨੀ

ਤਨ ਵਾਰਾਂ ਮਨ ਘੋਲ ਘੁਮਾਵਾਂ

ਨੀ ਮੈਂ ਜਿੰਦ ਕਰਾ ਕੁਰਬਾਣੀ।

ਬੰਦਸ਼ ਵਿੱਚ ਸਾਰੇ ਰਾਗਾਤਮਕ ਗੁਣਾਂ ਜਿਵੇਂ ਰਾਗ ਦਾ ਵਾਦੀ-ਸੰਵਾਦੀ, ਵਿਸ਼ੇਸ਼ ਸੁਰ ਸੰਗਤੀਆਂ, ਅਲਪਤਵ-ਬਹੁਤਵ, ਸਮਾਂ ਆਦਿ ਨੂੰ ਸੰਜੋਣ ਵਿੱਚ ਪ੍ਰੋ: ਸਾਹਿਬ ਨੂੰ ਮੁਹਾਰਤ ਹਾਸਿਲ ਸੀ। ਅਵਾਜ਼ ਖਰਾਬ ਹੋ ਜਾਣ ਕਾਰਨ ਆਪ ਗਾਉਣ ਵਿੱਚ ਤਾਂ ਅਸਮਰੱਥ ਸਨ ਪ੍ਰੰਤੂ ਆਪਣੇ ਅੰਦਰਲੇ ਅਥਾਹ ਸਿਰਜਣਾ ਸ਼ਕਤੀ ਨੂੰ ਉਹਨਾਂ ਨੇ ਆਪਣੀਆਂ ਬੰਦਸ਼ਾਂ ਰਾਹੀ ਅਭਿਵਿਅਕਤ ਕੀਤਾ ।

ਸੰਗੀਤ ਪ੍ਰਚਾਰਕ ਰੂਪ ਵਿੱਚ:

ਪ੍ਰੋ. ਤਾਰਾ ਸਿੰਘ ਜੀ ਸੰਗੀਤ ਦੇ ਪਰਚਾਰ ਅਤੇ ਪਰਸਾਰ ਹਿੱਤ ਸਦਾ ਤਤਪਰ ਰਹਿੰਦੇ ਸਨ। ਆਪ ਜੀ ਨੇ ਸੰਗੀਤ ਦੇ ਪਰਚਾਰ ਅਤੇ ਪਰਸਾਰ ਨੂੰ ਮੁੱਖ ਰੱਖਕੇ ਗੁਰਮਤਿ ਸੰਗੀਤ ਸੋਸਾਇਟੀ ਦੀ ਸਥਾਪਨਾ 13 ਜੁਲਾਈ 1979 ਨੂੰ ਗੁਰਮਤਿ ਸੰਗੀਤ ਪ੍ਰੇਮੀਆਂ ਦੇ ਸਾਂਝੇ ਉਦਮ ਨਾਲ ਕੀਤੀ ਜਿਸਦਾ ਉਦੇਸ਼ ਗੁਰਮਤਿ ਸੰਗੀਤ ਪਧਤੀ ਦੀ ਮਰਿਯਾਦਾ ਨੂੰ ਪੁਨਰ ਸੁਰਜੀਤ ਕਰਨਾ ਅਤੇ ਪਰਚਾਰਣਾ ਸੀ। ਇਸ ਅਧੀਨ ਹਰ ਵੀਰਵਾਰ ਹਫਤਾਵਰੀ ਕੀਰਤਨ ਸਮਾਗਮ ਕੀਰਤਨ ਦੇ ਪ੍ਰੇਮੀਆਂ ਅਤੇ ਸੰਗੀਤ-ਰਸਿਕਾ ਦੇ

ਘਰਾਂ ਵਿੱਚ ਹੁੰਦੇ ਸਨ ਜਿਸ ਵਿੱਚ ਪ੍ਰੋਫੈਸਰ ਸਾਹਿਬ ਅਤੇ ਉਹਨਾਂ ਦੀ ਸ਼ਿਸ਼- ਮੰਡਲੀ ਮਿਲ ਕੇ ਕੀਰਤਨ ਕਰਦੇ ਜੋ ਨਿਸਕਾਮ ਸੇਵਾ ਦੇ ਰੂਪ ਵਿੱਚ ਸੀ ਕੀਰਤਨ ਲਈ ਸਾਜ ਵੀ ਆਪ ਹੀ ਲਿਜਾਦੇ ਅਤੇ ਹੋਰ ਲੋੜੀਦਾ ਸਮਾਨ ਵੀ ਆਪ ਹੀ ਢੋਂਦੇ।

ਗੁਰੂ ਰੂਪ ਵਿੱਚ: ਪ੍ਰੋ. ਤਾਰਾ ਸਿੰਘ ਜੀ ਪਾਸੋਂ ਸੰਗੀਤਕ ਵਿਦਿਆ ਹਾਸਿਲ ਕਰਕੇ ਅਨੇਕ ਸ਼ਿਸ ਅਤੇ ਵਿਦਿਆਰਥੀ ਵੱਖ-ਵੱਖ ਸੰਸਥਾਵਾ ਵਿੱਚ ਸੰਗੀਤ ਸਿੱਖਿਆ ਦੇ ਰਹੇ ਹਨ ਜਿਨਾਂ ਵਿੱਚੋਂ ਡਾ. ਗੁਰਨਾਮ ਸਿੰਘ, ਸਵ: ਕੇਸਰ ਰਾਜ, ਡਾ. ਨਿਵੇਦਿਤਾ ਸਿੰਘ, ਡਾ. ਜਸਬੀਰ ਕੌਰ ਸ੍ਰ: ਜਬਰਜੰਗ ਸਿੰਘ, ਸਵ: ਬਲਜੀਤ ਸਿੰਘ, ਸ਼੍ਰੀ ਪਰਮਜੀਤ ਸਿੰਘ, ਡਾ. ਅਲੰਕਾਰ ਸਿੰਘ, ਆਦਿ ਦੇ ਨਾਮ ਵਰਣਨਯੋਗ ਹਨ।

ਪ੍ਰੋ. ਤਾਰਾ ਸਿੰਘ ਜੀ ਦੇ ਜੀਵਨ ਉਪਰ ਪਿੱਛਲ਼ ਝਾਤ ਮਾਰੀਏ ਤਾਂ ਮਹਿਸੂਸ ਹੁੰਦਾ ਹੈ ਕਿ ਪ੍ਰੋ: ਸਾਹਿਬ ਪੰਜਾਬੀ ਸੰਗੀਤ ਦੇ ਨਹੀ ਬਲਕਿ ਸਮੁੱਚੇ ਭਾਰਤੀ ਸੰਗੀਤ ਦੇ ਰਤਨ ਸਨ ਜਿਨਾ ਨੇ ਪੰਜਾਬ ਦੇ ਸੰਗੀਤ ਨੂੰ ਨਵੀ ਦਿਸ਼ਾ ਅਤੇ ਦਸ਼ਾ ਪ੍ਰਦਾਨ ਕਰਵਾਈ ।ਅੰਤ 6 ਦਸੰਬਰ 1988 ਨੂੰ ਦਿਲ ਦਾ ਦੌਰਾ ਪੈਣ ਕਾਰਨ ਆਪ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ।

ਪ੍ਰੋਫੈਸਰ ਤਾਰਾ ਸਿੰਘ ਜੀ ਦਾ ਨਾਮ ਪੰਜਾਬ ਦੇ ਉਹਨਾ ਸਿਰਮੋਰ ਸੰਗੀਤਕਾਰਾਂ ਵਿੱਚੋਂ ਸਭ ਤੋਂ ਉਪਰ ਹੈ ਜਿਹਨਾ ਨੇ ਪੂਰਾ ਜੀਵਨ ਸ਼ਾਸ਼ਤਰੀ ਸੰਗੀਤ ਦੇ ਲੇਖੇ ਲਗਾ ਦਿੱਤਾ ਅਤੇ ਇਸ ਦੀ ਲਾਟ ਨੂੰ ਪੰਜਾਬ ਵਿੱਚ ਲੱਟ-ਲੱਟ ਬਲਦੇ ਰੱਖਿਆ। ਉਹ ਇੱਕ ਬਹੁਪੱਖੀ ਪ੍ਰਤੀਭਾ ਦੇ ਸੁਆਮੀ ਸਨ ਅਤੇ ਉਹਨਾਂ ਨੇ ਸੰਗੀਤ ਜਗਤ ਨੂੰ ਇਕ ਸ਼ਾਸ਼ਤਰਕਾਰ, ਵਾਗੇਆਕਾਰ, ਚਿੰਤਕ, ਲੇਖਕ, ਬੰਦਿਸ਼ਾਂ ਦੇ ਸੰਗ੍ਰਹਿ ਕਰਤਾ , ਵਾਦਨ ਰਚਨਕਾਰ, ਪ੍ਰਚਾਰਕ, ਗੁਰੂ ਅਤੇ ਸਰਪ੍ਰਸਤ ਦੇ ਰੂਪ ਵਿਚ ਵੱਡਮੁੱਲਾ ਯੋਗਦਾਨ ਦਿਤਾ ਹੈ।ਪੰਜਾਬ ਦੇ ਵੱਖ-ਵੱਖ ਕਾਲਜਾ , ਸਕੂਲਾਂ ਅਤੇ ਇੱਥੋ ਤੱਕ ਕਿ ਯੂਨੀਵਰਸਿਟੀਆਂ ਵਿੱਚ ਵੀ ਕਾਰਜਸ਼ੀਲ ਅਧਿਆਪਕਾਂ ਵਿੱਚੋਂ ਬਹੁ-ਗਿਣਤੀ ਜਾਂ ਤਾਂ ਉਹਨਾਂ ਦੇ ਸ਼ਗਿਰਦ ਹਨ ਜਾਂ ਉਹਨਾਂ ਦੇ ਸ਼ਗਿਰਦਾਂ ਦੇ ਸ਼ਗਿਰਦ ਹਨ।

ਲੈਕਚਰਾਰ ਸੰਗੀਤ, 9915105008


## POSITIVE THINKING

- True guidance is like a small lamp in a dark forest. It does not show everything at once but gives enough light for the next step.
- Telant will take you to high position in your career. But behaviour will help to maintain the high position in others hearts.
- God is not the only sole Author of our destiny. We are also the co-authors of our destiny. If we do the best, He will do the rest.
- A bird sitting on a tree is never afraid of breaking of the branch because her trust is not on the branch but on her own wings. Believe in yourself.

***With best Compliments from a Well Wisher***

# ਸਿੱਖ ਧਰਮ ਵਿੱਚ ਕੀਰਤਨ ਦੀ ਮਹੱਤਤਾ

ਪਰਮਿੰਦਰ ਸਿੰਘ ਬਰਾੜ

ਵਿਦਵਾਨਾਂ ਨੇ ਸੰਗੀਤ ਨੂੰ ਮਨੁੱਖ ਦੇ ਰੂਹ ਦੀ ਖ਼ੁਰਾਕ ਮੰਨਿਆ ਹੈ ਜਿਸਨੂੰ ਸੁਣਨ ਨਾਲ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਸੰਗੀਤ ਦਾ ਪ੍ਰਭਾਵ ਕੇਵਲ ਮਨੁੱਖਾਂ ਉੱਪਰ ਹੀ ਨਹੀਂ ਬਲਕਿ ਕਈ ਹੋਰ ਜੀਵਾਂ, ਜਿਵੇਂ ਕਿ ਹਿਰਨ ਅਤੇ ਸੱਪ ਆਦਿ ਉੱਪਰ ਵੀ ਹੁੰਦਾ ਹੈ। ਭਾਰਤ ਵਿੱਚ ਰਾਗ ਦੀ ਵਿੱਦਿਆ ਦਾ ਹੁਨਰ ਅਧਿਕ ਰੂਪ ਵਿੱਚ ਪ੍ਰਚੱਲਿਤ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਅਧਿਕਤਰ ਬਾਣੀ ਰਾਗਮਈ ਹੈ। ਸਿੱਖ ਧਰਮ ਦੇ ਸਮੇਂ ਤੋਂ ਆਰੰਭ ਹੋਈ ਕੀਰਤਨ ਪ੍ਰਣਾਲੀ ਬਾਰੇ ਗਿਆਨ ਅਜੋਕੇ ਸਮੇਂ ਵਿੱਚ ਵੀ ਧਾਰਮਿਕ ਸਥਾਨਾਂ ਤੇ ਕੀਤੇ ਜਾਣ ਵਾਲੇ ਕੀਰਤਨ ਤੋਂ ਹੋ ਜਾਂਦਾ ਹੈ। ਗੁਰਮਤਿ ਵਿੱਚ ਕੀਰਤਨ ਦੀ ਆਵੱਸ਼ਕਤਾ ਪਰਮਾਤਮਾ ਦੀ ਭਗਤੀ ਦੇ ਲਈ ਦੱਸੀ ਗਈ ਹੈ।

ਸਿੱਖ ਧਰਮ ਵਿੱਚ ਕੀਰਤਨ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੋਇਆ ਮੰਨਿਆ ਜਾਂਦਾ ਹੈ। ਗੁਰੂ ਸਾਹਿਬ ਜੀ ਨੇ ਕੀਰਤਨ ਦੁਆਰਾ ਪਰਮਾਤਮਾ ਦੇ ਗੁਣਾਂ ਦਾ ਗਾਇਨ ਕੀਤਾ ਅਤੇ ਇਸਨੂੰ ਕਲਯੁਗ ਵਿੱਚ ਪ੍ਰਧਾਨਤਾ ਦੇ ਕੇ ਗੁਰੂ ਦੇ ਸਿੱਖਾਂ ਨੂੰ ਇਸ ਨਾਲ ਧਿਆਨ ਲਾਉਣ ਦਾ ਉਪਦੇਸ਼ ਦਿੱਤਾ। ਇਸੇ ਲਈ ਸਿੱਖ ਗੁਰੂ ਸਾਹਿਬਾਨ ਨੇ ਗੁਰਬਾਣੀ ਅਤੇ ਰਾਗ ਨੂੰ ਮਿਲਾ ਕੇ ਪਰਮਾਤਮਾ ਦੀ ਉਸਤਤੀ ਕਰਨ ਲਈ ਕਿਹਾ ਹੈ। ਕਿਉਂਕਿ ਕੀਰਤਨ ਰਾਹੀਂ ਹੀ ਪ੍ਰਭੂ ਦੇ ਗੁਣਾਂ ਦਾ ਗਾਣ ਕੀਤਾ ਜਾ ਸਕਦਾ ਹੈ ਅਤੇ ਇਸ ਦੁਆਰਾ ਮਨੁੱਖ ਆਪਣੀਆਂ ਬਿਰਤੀਆਂ ਨੂੰ ਟਿਕਾਅ ਵਿੱਚ ਲਿਆਉਂਦਾ ਹੈ ਅਤੇ ਆਪਣੇ ਆਪ ਨੂੰ ਪਰਮਾਤਮਾ ਨਾਲ ਇੱਕ ਮਿਕ ਮਹਿਸੂਸ ਕਰਨ ਲੱਗ ਪੈਂਦਾ ਹੈ। ਇਸੇ ਲਈ ਇਹ ਕੀਰਤਨ ਪਰਮਾਤਮਾ ਦੀ ਬੰਦਗੀ ਲਈ ਇੱਕ ਵਧੀਆ ਸਾਧਨ ਬਣਦਾ ਹੈ।

ਗੁਰੂ ਨਾਨਕ ਦੇਵ ਜੀ ਦੇ ਬਾਰੇ ਇਹ ਗੱਲ ਪ੍ਰਸਿੱਧ ਹੈ ਕਿ ਜਦੋਂ ਉਹ ਆਪਣੀ ਪਹਿਲੀ ਉਦਾਸੀ ਤੇ ਜਾਣ ਲੱਗੇ ਤਾਂ ਉਸ ਸਮੇਂ ਭਾਈ 'ਫ਼ਿਰੰਦੇ' ਨਾਂ ਦੇ ਵਿਅਕਤੀ ਪਾਸੋਂ ਰਬਾਬ ਮੰਗਵਾਉਂਦੇ ਹਨ ਅਤੇ ਉਸਨੂੰ ਭਾਈ ਮਰਦਾਨੇ ਨੂੰ ਦੇ ਕੇ ਆਪਣੀਆਂ ਯਾਤਰਾਵਾਂ ਕਰਦੇ ਰਹੇ ਅਤੇ ਰਾਗ ਦੀ ਮਹਿਮਾ ਨੂੰ ਵੀ ਉਜਾਗਰ ਕਰਦੇ ਰਹੇ। ਇਸੇ ਹੀ ਤਰ੍ਹਾਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅੰਗਦ ਦੇਵ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਵੀ ਇਹ ਪਰੰਪਰਾ ਚੱਲਦੀ ਰਹੀ। ਗੁਰੂ ਅਰਜਨ ਦੇਵ ਜੀ ਵੀ ਕੀਰਤਨ ਦੁਆਰਾ ਪਰਮਾਤਮਾ ਦਾ ਜੱਸ ਗਾਇਆ ਕਰਦੇ ਸਨ।[1] ਗੁਰੂ ਨਾਨਕ ਦੇਵ ਜੀ ਨੇ ਬਾਣੀ ਦੀ ਰਚਨਾ ਕਰਨ ਦੇ ਨਾਲ ਇਸ ਵਿੱਚ ਸੰਗੀਤਕ ਰੂਪ ਨੂੰ ਸ਼ਾਮਿਲ ਕਰਕੇ ਕੁਰਾਹੇ ਪਈ ਹੋਈ ਮਨੁੱਖਤਾ ਨੂੰ ਪਰਮਾਤਮਾ ਦਾ ਜੱਸ ਗਾਉਣ ਲਈ ਇੱਕ ਨਵੇਂ ਸਾਧਨ ਨਾਲ ਮੇਲ ਕਰਵਾਇਆ। ਗੁਰੂ ਸਾਹਿਬ ਜੀ ਨੇ ਗੁਰਮਤਿ ਸੰਗੀਤ ਰਾਹੀਂ ਜਿੱਥੇ ਇੱਕ ਪਾਸੇ ਪਰਮਾਤਮਾ ਦੇ ਗੁਣਾਂ ਦਾ ਗਾਇਨ ਕੀਤਾ ਉੱਥੇ ਉਹਨਾਂ ਨੇ ਉਸ ਸਮੇਂ ਦੀ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਹਾਲਤ ਨੂੰ ਵੀ ਇਸ ਰਾਹੀਂ ਬਿਆਨ ਕੀਤਾ। ਇੱਥੇ ਇਹ ਗੱਲ ਵਿਸ਼ੇਸ਼ ਵਰਣਨਯੋਗ ਹੈ ਕਿ ਉਹਨਾਂ ਨੇ ਰਬਾਬੀ ਭਾਈ ਮਰਦਾਨੇ ਨੂੰ ਆਪਣੇ ਨਾਲ ਰੱਖ ਕੇ ਕੀਰਤਨ ਦਾ ਪ੍ਰਵਾਹ ਸ਼ੁਰੂ ਕੀਤਾ।

ਗੁਰਮਤਿ ਵਿੱਚ ਬਾਣੀ ਨੂੰ ਰਾਗ ਦੇ ਅਨੁਸਾਰ ਗਾ ਕੇ ਪਰਮਾਤਮਾ ਦੀ ਉਸਤਤੀ ਨੂੰ ਕੀਰਤਨ ਦਾ ਨਾਂ ਦਿੱਤਾ

ਗਿਆ ਹੈ। ਕੀਰਤਨ ਨੂੰ ਆਤਮਾ ਦੇ ਪਰਮਾਤਮਾ ਨਾਲ ਮਿਲਾਪ ਹੋਣ ਵਿੱਚ ਸਹਾਇਕ ਅਤੇ ਅਤੀ ਆਵੱਸ਼ਕ ਮੰਨਿਆ ਹੈ। ਗੁਰਮਤਿ ਵਿੱਚ ਪਰਮਾਤਮਾ ਦੇ ਕੀਰਤਨ ਨੂੰ ਜੀਵ ਦੁਆਰਾ ਕੀਤੇ ਜਾਣ ਵਾਲੇ ਸਾਰੇ ਹੀ ਕਰਮਾਂ ਵਿੱਚੋਂ ਉੱਤਮ ਭਾਵ ਸ੍ਰੇਸ਼ਠ ਮੰਨਿਆ ਹੈ। ਕੀਰਤਨ ਹੀ ਮਨੁੱਖ ਦਾ ਉਧਾਰ ਕਰ ਸਕਦਾ ਹੈ।

ਕਲਜੁਗ ਮਹਿ ਕੀਰਤਨੁ ਪਰਧਾਨਾ ॥ [2]

ਗੁਰਮੁਖਿ ਜਪੀਐ ਲਾਇ ਧਿਆਨਾ ॥

ਗੁਰਮਤਿ ਵਿੱਚ ਕੀਰਤਨ ਦੀ ਮਹਾਨਤਾ ਦੱਸਦਿਆਂ ਹੋਇਆਂ ਕਿਹਾ ਗਿਆ ਹੈ ਕਿ ਕੀਰਤਨ ਕਰਨ ਦੇ ਨਾਲ ਕੀਰਤਨ ਸੁਣਨਾ ਵੀ ਆਵੱਸ਼ਕ ਹੈ। ਕੀਰਤਨ ਵਿੱਚ ਇੰਨੀ ਸ਼ਕਤੀ ਹੈ ਕਿ ਜੋ ਵਿਅਕਤੀ ਕੀਰਤਨ ਸੁਣਦਾ ਹੈ ਉਸਨੂੰ ਕੋਈ ਵੀ ਦੁਖ ਨਹੀਂ ਛੂਹ ਸਕਦਾ ਅਤੇ ਅਜਿਹਾ ਮਨੁੱਖ ਪਰਮਾਤਮਾ ਦੇ ਨੇੜੇ ਆ ਜਾਂਦਾ ਹੈ।

ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ ॥

ਤਿਸੁ ਜਨ ਦੂਖੁ ਨਿਕਟਿ ਨਹੀ ਆਵੈ ॥ [3]

ਗੁਰਮਤਿ ਵਿੱਚ ਕੀਰਤਨ ਦੀ ਮਹਾਨਤਾ ਦੱਸਦੇ ਹੋਏ ਇਹ ਵੀ ਕਿਹਾ ਗਿਆ ਹੈ ਕਿ ਜਦੋਂ ਮਨੁੱਖ ਸੰਸਾਰਿਕ ਕੰਮਾਂ ਵਿੱਚ ਉਲਝ ਜਾਂਦਾ ਹੈ ਤਾਂ ਉਸਦੇ ਸਾਰੇ ਜੀਵਨ ਵਿੱਚ ਉਸਦਾ ਮਨ ਧੰਨ ਦੌਲਤ ਇੱਕਠੀ ਕਰਨ ਅਤੇ ਜਗਤ ਵਿਚਲੇ ਹੋਰ ਜ਼ੰਜ਼ਾਲਾਂ ਵਿੱਚ ਰਸਿਆ ਰਹਿੰਦਾ ਹੈ, ਜੋ ਕਿ ਉਸਦੇ ਕਿਤੇ ਵੀ ਕੰਮ ਆਉਣ ਵਾਲੇ ਨਹੀਂ ਹਨ ਅਤੇ ਇਹ ਸੱਭ ਨਾਸ਼ਮਾਨ ਚੀਜ਼ਾਂ ਹਨ। ਮਨੁੱਖ ਲਈ ਜੇਕਰ ਹਮੇਸ਼ਾ ਰਹਿਣ ਵਾਲਾ ਕੇਵਲ ਕੀਰਤਨ ਹੀ ਹੈ ਜਿਸ ਦੁਆਰਾ ਮਨੁੱਖ ਪਰਮਾਤਮਾ ਦਾ ਜੱਸ ਗਾ ਕੇ ਆਪਣਾ ਜੀਵਨ ਸਫ਼ਲ ਕਰ ਸਕਦਾ ਹੈ।

ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋੁ ॥

ਹਰਿ ਕੀਰਤਨੁ ਆਧਾਰੁ ਨਿਹਚਲੁ ਏਹੁ ਧਨੋੁ ॥ [4]

ਆਧੁਨਿਕ ਯੁੱਗ ਵਿੱਚ ਮਨੁੱਖ ਆਪਣੀਆਂ ਰੋਜ਼ਾਨਾ ਜ਼ਰੂਰਤਾਂ ਦੀ ਪੂਰਤੀ ਲਈ ਸੰਸਾਰਿਕ ਦੌੜ ਵਿੱਚ ਪਿਆ ਹੋਇਆ ਹੈ। ਇੱਕ ਪਲ ਲਈ ਵੀ ਉਸਦੇ ਮਨ ਵਿੱਚ ਟਿਕਾਅ ਜਾਂ ਸ਼ਾਂਤੀ ਨਹੀਂ ਹੈ। ਕੀਰਤਨ ਮਨੁੱਖੀ ਮਨ ਨੂੰ ਜਿੱਥੇ ਸਦੀਵੀ ਸ਼ਾਂਤੀ ਅਤੇ ਟਿਕਾਅ ਦਿੰਦਾ ਹੈ ਉੱਥੇ ਹੀ ਇਹ ਉਸਨੂੰ ਆਵਾਗਵਣ ਦੇ ਚੱਕਰਾਂ ਵਿੱਚੋਂ ਬਾਹਰ ਕੱਢਦਾ ਹੈ। ਪਰਮਾਤਮਾ ਦੇ ਨਾਮ ਦਾ ਭਜਨ ਕਰਨ ਦੇ ਨਾਲ ਜਮਾਂ ਦੀ ਫਾਹੀ ਵੀ ਗਲ ਵਿੱਚ ਨਹੀਂ ਪੈਂਦੀ। ਪਰਮਾਤਮਾ ਦੇ ਗੁਣਾਂ ਦੀ ਸਿਫ਼ਤ ਕਰਨੀ ਉਨ੍ਹਾਂ ਨੂੰ ਯਾਦ ਰੱਖਣਾ ਵੀ ਮਨੁੱਖੀ ਜੀਵਨ ਦਾ ਇੱਕ ਉਦੇਸ਼ ਸਵੀਕਾਰ ਕੀਤਾ ਗਿਆ ਹੈ। ਮਨੁੱਖਾ ਜਨਮ ਅਜਿਹਾ ਦੁਰਲੱਭ ਜਨਮ ਹੈ, ਜਿਸ ਵਿੱਚ ਜੇਕਰ ਪਰਮਾਤਮਾ ਦੇ ਗੁਣ ਨਾ ਗਾਏ ਜਾਣ, ਤਾਂ ਇਹ ਅਜਾਈਂ ਗੁਆਚ ਜਾਂਦਾ ਹੈ।

ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥

ਬਹੁੜਿ ਨ ਜੋਨੀ ਪਾਈਐ ॥ [5]

ਗੁਰੂ ਜੀ ਨੇ ਮਨੁੱਖ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਹੈ ਕਿ ਮਨੁੱਖ ਪਰਮਾਤਮਾ ਦੀ ਸਿਫ਼ਤਿ ਸਾਲਾਹ ਦੇ ਗੀਤ ਕਿਉਂ ਨਹੀਂ ਗਾਉਂਦਾ। ਮਨੁੱਖ ਮਾਇਆ ਦੇ ਝੂਠੇ ਲਾਲਚ ਵਿੱਚ ਫ਼ਸ ਕੇ ਪਰਮਾਤਮਾ ਅਤੇ ਮੌਤ ਨੂੰ ਵੀ ਯਾਦ ਨਹੀਂ ਰੱਖਦਾ। ਲੇਕਿਨ ਜਿੰਨੀ ਮਰਜੀ ਉਮਰ ਬੀਤਣ ਤੋਂ ਬਾਅਦ ਵੀ ਪਰਮਾਤਮਾ ਦੇ ਗੁਣ ਗਾਉਣੇ ਸ਼ੁਰੂ ਕਰ ਦੇਵੇ ਤਾਂ ਵੀ ਕੋਈ ਨੁਕਸਾਨ ਨਹੀਂ ਹੁੰਦਾ। ਮਨੁੱਖ ਪਰਮਾਤਮਾ ਦੇ ਭਜਨ ਦੀ ਬਰਕਤ ਨਾਲ ਉੱਚ ਆਤਮਿਕ ਦਰਜਾ ਪ੍ਰਾਪਤ ਕਰ ਲੈਂਦਾ ਹੈ।

ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥

ਝੂਠੇ ਲਾਲਚਿ ਲਗਿ ਕੈ ਨਹਿ ਮਰਨੁ ਪਛਾਨਾ ॥

ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥

ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥ 6

ਸਿੱਖ ਧਰਮ ਵਿੱਚ ਕੀਰਤਨ ਦਾ ਸੰਗਤ ਨਾਲ ਬਹੁਤ ਹੀ ਡੂੰਘਾ ਸੰਬੰਧ ਮੰਨਿਆ ਜਾਂਦਾ ਹੈ। ਕੀਰਤਨ ਮਨੁੱਖ ਨੂੰ ਇੱਕ ਪਾਸੇ ਸੰਗਤ ਨਾਲ ਜੋੜਦਾ ਹੈ ਉੱਥੇ ਹੀ ਪਰਮਾਤਮਾ ਦੇ ਨੇੜੇ ਲੈ ਕੇ ਜਾਂਦਾ ਹੈ ਅਤੇ ਉਸ ਨਾਲ ਇੱਕਮਿਕ ਹੋਣ ਵਿੱਚ ਸਹਾਈ ਹੁੰਦਾ ਹੈ। ਸੰਗਤ ਵਿੱਚ ਬੈਠ ਕੇ ਕੀਰਤਨ ਕਰਨ ਨਾਲ ਮਨ ਨੂੰ ਇਕਾਗਰ ਕਰਕੇ ਹੀ ਪਰਮਾਤਮਾ ਨਾਲ ਜੁੜਿਆ ਜਾ ਸਕਦਾ ਹੈ।

ਤੀਰਥਿ ਜਾਉ ਤ ਹਉ ਹਉ ਕਰਤੇ ॥
ਪੰਡਿਤ ਪੂਛਉ ਤ ਮਾਇਆ ਰਾਤੇ ॥
ਸੋ ਅਸਥਾਨੁ ਬਤਾਵਹੁ ਮੀਤਾ ॥
ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥
ਸਾਸਤ੍ਰ ਬੇਦ ਪਾਪ ਪੁੰਨ ਵੀਚਾਰ ॥
ਨਰਕਿ ਸੁਰਗਿ ਫਿਰਿ ਫਿਰਿ ਅਉਤਾਰ ॥
ਗਿਰਸਤ ਮਹਿ ਚਿੰਤ ਉਦਾਸ ਅਹੰਕਾਰ ॥
ਕਰਮ ਕਰਤ ਜੀਅ ਕਉ ਜੰਜਾਰ ॥
ਪ੍ਰਭ ਕਿਰਪਾ ਤੇ ਮਨੁ ਵਸਿ ਆਇਆ ॥
ਨਾਨਕ ਗੁਰਮੁਖਿ ਤਰੀ ਤਿਨਿ ਮਾਇਆ ॥
ਸਾਧਸੰਗਿ ਹਰਿ ਕੀਰਤਨੁ ਗਾਈਐ ॥
ਇਹੁ ਅਸਥਾਨੁ ਗੁਰੂ ਤੇ ਪਾਈਐ ॥ [7]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸਿੱਖ ਧਰਮ ਵਿੱਚ ਕੀਰਤਨ ਦੀ ਮਹਾਨਤਾ ਬਹੁਤ ਡੂੰਘੀ ਹੈ। ਇੱਥੇ ਇਹ ਗੱਲ ਵੀ ਵਿਸ਼ੇਸ਼ ਮਹੱਤਤਾ ਰੱਖਦੀ ਹੈ ਕਿ ਜਿੱਥੇ ਸਿੱਖ ਗੁਰੂ ਸਾਹਿਬਾਨ ਦੇ ਸਮੇਂ ਸੰਗਤ ਦੀ ਬਹੁਤ ਮਹਾਨਤਾ ਸੀ ਉੱਥੇ ਹੀ ਵਰਤਮਾਨ ਸਮੇਂ ਵਿੱਚ ਵੀ ਇਸਦੀ ਬਹੁਤ ਜ਼ਿਆਦਾ ਮਹਾਨਤਾ ਹੈ। ਗੁਰਮਤਿ ਵਿੱਚ ਕੀਰਤਨ ਨੂੰ ਇੱਕ ਨਿਰਮੋਲਕ ਹੀਰਾ ਦੱਸਿਆ ਗਿਆ ਹੈ ਤੇ ਬੈਕੁੰਠ ਹੀ ਉਹ ਥਾਂ ਹੈ, ਜਿੱਥੇ ਕੀਰਤਨ ਹੁੰਦਾ ਹੈ। ਕਿਉਂਕਿ ਕੀਰਤਨ ਇੱਕ ਐਸਾ ਮਾਧਿਅਮ ਹੈ ਜਿਸ ਰਾਹੀਂ ਮਨ ਨੂੰ ਇਕਾਗਰ ਕਰਕੇ ਬਾਣੀ ਦੇ ਤੱਤ ਨੂੰ ਬਹੁਤ ਹੀ ਸੌਖੇ ਢੰਗ ਨਾਲ ਸਮਝਿਆ ਜਾ ਸਕਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਗਿ. ਪ੍ਰਤਾਪ ਸਿੰਘ, ਗੁਰਮਤ ਫ਼ਿਲਾਸਫ਼ੀ, ਪੰਨਾ- 239.
2. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ- 1075-76.
3. ਉਹੀ, ਪੰਨਾ- 190.
4. ਉਹੀ, ਪੰਨਾ- 398.
5. ਉਹੀ, ਪੰਨਾ- 623.
6. ਉਹੀ, ਪੰਨਾ- 726.
7. ਉਹੀ, ਪੰਨਾ- 256.



ਰਿਸਰਚ ਸਕਾਲਰ,

ਗੁਰੂ ਨਾਨਕ ਅਧਿਐਨ ਵਿਭਾਗ,

# ਸੰਗੀਤ ਕੌਮੁਦੀ ਪੁਸਤਕ ਦਾ ਵਿਵੇਚਨਾਤਮਕ ਅਧਿਐਨ
## (ਚਾਰ ਭਾਗਾਂ ਵਿੱਚ ਪ੍ਰਕਾਸ਼ਿਤ)

ਰਿਸ਼ਪਾਲ ਸਿੰਘ

ਸੰਗੀਤ ਕੌਮੁਦੀ ਪੁਸਤਕ ਮੂਲ ਰੂਪ ਵਿੱਚ ਹਿੰਦੀ ਭਾਸ਼ਾ ਦੀ ਪੁਸਤਕ ਹੈ। ਇਸ ਪੁਸਤਕ ਦੇ ਲੇਖਕ ਵਿਕ੍ਰਮਾਦਿੱਤ ਸਿੰਘ ਨਿਗਮ ਹਨ। ਪੁਸਤਕ ਦੇ ਚਾਰ ਭਾਗ ਪਹਿਲਾਂ ਹਿੰਦੀ ਭਾਸ਼ਾ ਵਿੱਚ ਪ੍ਰਕਾਸ਼ਿਤ ਹੋਏ ਫਿਰ ਇਹਨਾਂ ਚਾਰਾਂ ਭਾਗਾਂ ਦਾ ਅਨੁਵਾਦ ਪੰਜਾਬੀ ਭਾਸ਼ਾ ਵਿੱਚ ਕੀਤਾ ਗਿਆ ਜਿਸਦਾ ਸਿਹਰਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਜਾਂਦਾ ਹੈ। ਸੰਗੀਤ ਕੌਮੁਦੀ ਭਾਗ ਪਹਿਲਾ ਪੁਸਤਕ ਦਾ ਹਿੰਦੀ ਭਾਸ਼ਾ ਤੋਂ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਪਿੰਸੀਪਲ ਸਮਸ਼ੇਰ ਸਿੰਘ ਕਰੀਰ ਦੁਆਰਾ 1971 ਵਿੱਚ ਕੀਤਾ ਗਿਆ।ਲੇਖਕ ਦੇ ਵਿਚਾਰ ਅਨੁਸਾਰ ਇਹ ਪੁਸਤਕ ਭਾਰਤੀ ਸਾਸ਼ਤਰੀ ਸੰਗੀਤ ਦੇ ਪ੍ਰਮੁੱਖ ਗ੍ਰੰਥਾਂ ਸੰਗੀਤ ਪਾਰਿਜਾਤ, ਸੰਗੀਤ ਰਤਨਾਕਰ, ਅਭਿਨਵਰਾਗ ਮੰਜਰੀ ਅਤੇ ਲਕਸ਼ਯ ਸੰਗੀਤ ਆਦਿ ਦੇ ਸਿਧਾਂਤਾਂ ਉੱਪਰ ਅਧਾਰਿਤ ਹੈ।

ਇਸ ਪੁਸਤਕ ਦੇ ਭਾਗ ਪਹਿਲਾ ਵਿੱਚ ਲੇਖਕ ਨੇ ਭਾਰਤੀ ਸੰਗੀਤ ਦੇ ਇਤਿਹਾਸਕ ਵਿਕਾਸ ਨੂੰ ਹਿੰਦੂਆਂ, ਮੁਸਲਮਾਨਾਂ ਅਤੇ ਅੰਗਰੇਜਾਂ ਦੇ ਕਾਲ-ਕ੍ਰਮ ਅਨੁਸਾਰ ਵਰਣਿਤ ਕੀਤਾ ਹੈ। ਲੇਖਕ ਨੇ ਸੰਗੀਤ ਦੀਆਂ ਦੋਵੇਂ ਪੱਧਤੀਆਂ ਉੱਪਰ ਚਰਚਾ ਕਰਨ ਦੇ ਨਾਲ-ਨਾਲ ਨਾਦ, ਸ਼ਰੁਤੀ, ਸਵਰ, ਸਪਤਕ, ਸ਼ੁਧ ਸਵਰ, ਵਿਕ੍ਰਿਤ ਸਵਰ, ਰਾਗ, ਵਾਦੀ, ਸੰਵਾਦੀ ਅਤੇ ਰਾਗ ਦੇ ਸੋਂਦਰਯ ਤੱਤਾਂ ਨਾਲ ਸਬੰਧਿਤ ਮਹੱਤਵਪੂਰਨ ਜਾਣਕਾਰੀ ਦਿਤੀ ਹੈ।ਇਹ ਪੁਸਤਕ ਜਿੱਥੇ ਸੰਗੀਤ ਦੇ ਸਾਸ਼ਤਰ ਪੱਖ ਦੀ ਅਹਿਮ ਜਾਣਕਾਰੀ ਰੱਖਦੀ ਹੈ ਉੱਥੇ ਇਸ ਪੁਸਤਕ ਵਿੱਚ ਸੰਗੀਤ ਦੇ ਕਿਰਿਆਤਮਕ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਗਿਆ। ਪੁਸਤਕ ਵਿੱਚ 11 ਰਾਗਾਂ ( ਰਾਗ ਯਮਨ, ਖਮਾਜ, ਬਿਲਾਵਲ, ਭੈਰਵ, ਪੂਰਵੀ, ਮਾਰਵਾ, ਕਾਫੀ, ਅਸਾਵਰੀ, ਤੋੜੀ, ਭੈਰਵੀ) ਅਤੇ 14 ਤਾਲਾਂ ਦੇ ਠੇਕਿਆਂ ਦਾ ਵਰਨਣ ਹੈ। ਸੰਗੀਤ ਕੌਮੁਦੀ ਪੁਸਤਕ ਦਾ ਭਾਗ ਪਹਿਲਾ ਜਿੰਨਾਂ ਸੰਗੀਤ ਦੇ ਗਾਇਨ ਪੱਖ ਲਈ ਮਹੱਤਵਪੂਰਨ ਹੈ, ਉਨਾਂ ਹੀ ਸੰਗੀਤ ਦੇ ਵਾਦਨ ਪੱਖ ਲਈ ਲਾਹੇਵੰਦ ਹੈ ਕਿਓਂਕਿ ਇਸ ਪੁਸਤਕ ਵਿੱਚ ਸਿਤਾਰ ਅਤੇ ਤਬਲਾ ਵਾਦਿਆਂ ਦੀ ਬਣਤਰ, ਵਾਦਨ ਵਿਧੀ, ਅਤੇ ਗੱਤਾਂ ਅਤੇ ਤਾਲਾਂ ਦੀ ਦੁਗੁਣ, ਚੌਗੁਣ ਅਤੇ ਅੱਠਗੁਣ ਲਿਖਣ ਦਾ ਵਿਧੀ-ਵਿਧਾਨ ਦਸਿਆ ਹੈ।

ਸੰਗੀਤ ਕੌਮੁਦੀ ਭਾਗ ਦੂਜਾ ਪੁਸਤਕ ਦਾ ਅਨੁਵਾਦ ਵੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪਿੰਸੀਪਲ ਸਮਸ਼ੇਰ ਸਿੰਘ ਕਰੀਰ ਪਾਸੋਂ 1972 ਵਿੱਚ ਕਰਵਾਇਆ। ਇਸ ਪੁਸਤਕ ਵਿੱਚ ਲੇਖਕ ਨੇ ਸੰਗੀਤ ਦੇ ਸਾਸ਼ਤਰ ਪੱਖ ਨੂੰ ਵਧੇਰੇ ਮਹੱਤਤਾ ਦਿੰਦੇ ਹੋਏ, ਸਾਸ਼ਤਰ ਨਾਲ ਸਬੰਧਿਤ ਸਮੱਗਰੀ ਨੂੰ ਸਰਲ ਅਤੇ ਸਪਸ਼ਟ ਰੂਪ ਵਿੱਚ ਪੇਸ਼ ਕੀਤਾ ਹੈ। ਲੇਖਕ ਨੇ ਸਪਤਕ, ਪੰਡਿਤ ਵਿਅੰਕਟਮਖੀ ਦੇ 72 ਥਾਟਾਂ, ਸ਼ੁਧ ਅਤੇ ਵਿਕ੍ਰਿਤ ਸਵਰ ਮਿਲਾ ਕੇ, ਕੁੱਲ 12 ਸਵਰਾਂ ਵਿੱਚੋ ਕਿੰਨੇ ਥਾਟ ਕਿਵੇਂ ਉਤਪੰਨ ਹੋਣਗੇ ਇਸ ਨੂੰ ਅੰਕ

ਗਣਿਤ ਦਾ ਅਧਾਰ ਬਣਾਕੇ ਸਪਸ਼ਟ ਰੂਪ ਵਿੱਚ ਦ੍ਰਿਸ਼ਟੀਗੋਚਰ ਕੀਤਾ ਹੈ। ਇਸ ਪੁਸਤਕ ਵਿੱਚ ਥਾਟ ਰਾਗ ਵਰਗੀਕਰਣ, ਸੰਕੀਰਣ ਰਾਗ, ਰਾਗਾਂਗ ਰਾਗ, ਭਾਸ਼ਾਂਗ ਰਾਗ, ਕ੍ਰਿਆਂਗ ਰਾਗ, ਉਪਾਂਗ ਰਾਗ, ਗ੍ਰਹਿ, ਅੰਸ਼, ਨਿਆਸ ਜਿਹੇ ਸਾਸ਼ਤਰੀ ਵਿਸ਼ਿਆਂ ਅਤੇ ਗਾਇਕ ਦੇ ਗੁਣ ਅਤੇ ਦੋਸ਼ਾਂ ਤੋਂ ਜਾਣੂੰ ਕਰਵਾਇਆ ਹੈ। ਕਿਰਿਆਤਮਕ ਪੱਖ ਨੂੰ ਧਿਆਨ ਵਿੱਚ ਰੱਖਦੇ ਹੋਏ 15 ਮੁੱਖ ਰਾਗਾਂ ( ਰਾਗ ਭੂਪਾਲੀ, ਹਮੀਰ, ਕੇਦਾਰ, ਦੇਸ, ਤਿਲਕ ਕਾਮੋਦ, ਕਲਿੰਗੜਾ, ਬਿਹਾਗ, ਸਿਰੀ, ਸੋਹਨੀ, ਬਾਗੇਸਰੀ, ਭੀਮਪਲਾਸੀ, ਬ੍ਰਿੰਦਾਵਨੀ ਸਾਰੰਗ, ਪੀਲੂ, ਜੌਨਪੁਰੀ ਅਤੇ ਮਾਲਕੌਂਸ਼) ਦਾ ਪੂਰਨ ਪਰਿਚੈ ਅਤੇ ਕੁਝ ਤਾਲਾਂ ਨੂੰ ਵੀ ਲਿਪੀਬੱਧ ਕੀਤਾ ਗਿਆ ਹੈ।

ਸੰਗੀਤ ਕੌਮੁਦੀ ਭਾਗ ਤੀਜਾ ਪੁਸਤਕ ਦਾ ਹਿੰਦੀ ਭਾਸ਼ਾ ਤੋਂ ਪੰਜਾਬੀ ਭਾਸ਼ਾ ਵਿੱਚ ਅਨੁਵਾਦਿਤ ਕਾਰਜ ਕੰਵਰ ਮ੍ਰਿਗੇਂਦਰ ਸਿੰਘ ਦੇ ਅਣਥਕ ਯਤਨਾਂ ਸਦਕਾ ਸੰਭਵ ਹੋ ਸਕਿਆ। ਇਹ ਪੁਸਤਕ ਸੰਗੀਤ ਦੇ ਸਿਧਾਂਤਿਕ ਪੱਖ ਤੋਂ ਬਹੁਤ ਹੀ ਮਹੱਤਵਪੂਰਨ ਪੁਸਤਕ ਹੈ। ਇਸ ਪੁਸਤਕ ਦੇ ਸ਼ਰੁਤੀ ਅਤੇ ਸਵਰ ਦੀ ਤੁਲਨਾ, ਪ੍ਰਾਚੀਨ ਗ੍ਰੰਥਕਾਰਾਂ ਦੀਆਂ ਸਮਾਨ ਸ਼ਰੁਤੀਆਂ, ਵੀਣਾਂ ਦੀ ਤਾਰ ਉਪਰ ਸਵਰ ਸਥਾਪਨਾ, ਸੁਰਾਂ ਦੀ ਅੰਦੋਲਨ ਸੰਖਿਆ ਕੱਢਣ ਦੀ ਰੀਤ ਆਦਿ ਵਿਸ਼ੇ ਇਸਦੀ ਮਹੱਤਵਪੂਰਨ ਕੜੀ ਹਨ। ਇਸ ਦੇ ਨਾਲ-ਨਾਲ ਲੇਖਕ ਨੇ ਗੰਧਰਵ ਗਾਨ, ਮਾਰਗੀ, ਦੇਸੀ, ਨਾਇਕੀ ਅਤੇ ਗਾਇਕੀ ਨਾਮੀ ਵਿਸ਼ਿਆਂ ਨੂੰ ਛੂਹਿਆ ਹੈ। ਕਿਰਿਆਤਮਕ ਪੱਖ ਨੂੰ ਧਿਆਨ ਵਿੱਚ ਰੱਖਦੇ ਹੋਏ 25 ਮੁੱਖ ਰਾਗਾਂ (ਰਾਗ ਸੁਧ ਕਲਿਆਣ, ਪਰਜ, ਪੂਰੀਆ, ਲਲਿਤ, ਹਿੰਡੋਲ, ਸ਼ੰਕਰਾ, ਦੁਰਗਾ, ਮਾਂਡ, ਜੈਜਾਵੰਤੀ, ਰਾਮਕਲੀ, ਵਿਭਾਸ, ਪੂਰਵੀ, ਪੂਰੀਆ ਧਨਾਸਰੀ, ਸਿਰੀ, ਸਿੰਧੂਰਾ, ਮੁਲਤਾਨੀ, ਅੜਾਨਾ, ਗੋਂਡ ਮਲਹਾਰ, ਮੀਆਂ ਮਲਹਾਰ, ਦਰਬਾਰੀ ਕਾਨੜਾ, ਤੋੜੀ) ਦਾ ਪੂਰਨ ਪਰਿਚੈ ਅਤੇ ਤਾਲ ਪੱਖ ਦੀ ਮਹੱਤਤਾ ਨੂੰ ਦੇਖਦੇ ਹੋਏ ਕੁਝ ਤਾਲਾਂ ਨੂੰ ਵੀ ਲਿਪੀਬੱਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੁਸਤਕ ਦੇ ਅੰਤ ਵਿੱਚ ਵਿਦਵਾਨ ਸੰਗੀਤਕਾਰਾਂ ਦਾ ਜੀਵਨ ਬਿਉਰਾ ਇਸ ਪੁਸਤਕ ਨੂੰ ਹੋਰ ਵੀ ਮਹੱਤਵਪੂਰਨ ਬਣਾ ਦਿੰਦਾ ਹੈ।

ਸੰਗੀਤ ਕੌਮੁਦੀ ਭਾਗ ਚੌਥਾ ਪੁਸਤਕ ਦਾ ਅਨੁਵਾਦ ਵੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਕੰਵਰ ਮ੍ਰਿਗੇਂਦਰ ਸਿੰਘ ਪਾਸੋਂ 1978 ਵਿੱਚ ਕਰਵਾਇਆ। ਇਸ ਪੁਸਤਕ ਵਿੱਚ ਹਿੰਦੁਸਤਾਨੀ ਅਤੇ ਕਰਨਾਟਕੀ ਸੰਗੀਤ ਪੱਧਤੀ ਦਾ ਤੁਲਨਾਤਮਕ ਅਧਿਐਨ ਅਤੇ ਦੋਵਾਂ ਪੱਧਤੀਆਂ ਦੀਆਂ ਸਮਾਨਤਾਵਾਂ ਨੂੰ ਸਰਲ ਢੰਗ ਨਾਲ ਵਿਚਾਰਿਆ ਹੈ। ਇਸ ਤੋਂ ਇਲਾਵਾ ਨਿਬੱਧ ਗਾਨ, ਅਨਿਬੱਧ ਗਾਨ, ਜਾਤੀ ਗਾਨ, ਰਾਗ ਦੇ ਪ੍ਰਮੁੱਖ ਲਛਣ, ਪ੍ਰਾਚੀਨ ਅਲਾਪ ਗਾਇਨ, ਆਧੁਨਿਕ ਗੀਤ ਪ੍ਰਕਾਰਾਂ ਧਰੁਪਦ,ਧਮਾਰ, ਖਿਆਲ, ਟੱਪਾ, ਠੁਮਰੀ ਦਾ ਇਤਿਹਾਸਿਕ ਵਿਕਾਸ, ਗਾਇਕੀ-ਨਾਇਕੀ ਆਦਿ ਵਿਸ਼ਿਆਂ ਦੇ ਨਾਲ-ਨਾਲ ਭਿੰਨ-ਭਿੰਨ ਵਾਦਿਆਂ ਦੀ ਬਣਾਰ ਅਤੇ ਵਾਦਨ ਢੰਗ ਨੂੰ ਸਪਸ਼ਟ ਕੀਤਾ ਹੈ। ਕਿਰਿਆਤਮਕ ਪੱਖ ਨੂੰ ਧਿਆਨ ਵਿੱਚ ਰੱਖਦੇ ਹੋਏ 25 ਮੁੱਖ ਰਾਗਾਂ ( ਰਾਗ ਸੁਧ ਕਲਿਆਣ, ਪਰਜ, ਪੂਰੀਆ, ਲਲਿਤ, ਸ਼ੰਕਰਾ, ਦੁਰਗਾ, ਮਾਂਡ, ਜੈਜਾਵੰਤੀ, ਰਾਮਕਲੀ, ਵਿਭਾਸ, ਪੂਰਵੀ, ਸਿਰੀ, ਸਿੰਧੂਰਾ, ਅੜਾਨਾ, ਮੀਆਂ ਮਲਹਾਰ, ਦਰਬਾਰੀ ਕਾਨੜਾ, ਤੋੜੀ, ) ਦਾ ਪੂਰਨ ਪਰਿਚੈ ਅਤੇ ਤਾਲ ਪੱਖ ਦੀ ਮਹੱਤਤਾ ਨੂੰ ਦੇਖਦੇ ਹੋਏ ਕੁਝ ਤਾਲਾਂ ਨੂੰ ਵੀ ਲਿਪੀਬੱਧ ਕੀਤਾ ਗਿਆ ਹੈ।

**ਪੁਸਤਕ ਪੜਚੋਲ:**

ਹਰ ਵਿਸ਼ੇ ਦੇ ਦੋ ਮਹੱਤਵਪੂਰਨ ਪਹਿਲੂ ਹੁੰਦੇ ਹਨ ਵਿਸੇਸ਼ਤਾਵਾਂ ਅਤੇ ਅਲੋਚਨਾ। ਸੰਗੀਤ ਕੌਮੁਦੀ ਪੁਸਤਕ ਦੀ ਰਚਨਾ ਸੰਗੀਤ ਦੇ ਸਿਧਾਂਤਿਕ ਅਤੇ ਕਿਰਿਆਤਮਕ ਪੱਖਾਂ ਨੂੰ ਧਿਆਨ ਵਿੱਚ ਰੱਖਕੇ ਕੀਤੀ ਗਈ ਹੈ। ਸੰਗੀਤ ਸਾਸ਼ਤਰ ਦੀ ਇਹ ਪੁਸਤਕ ਆਪਣੇ ਢੰਗ ਦੀ ਨਿਰਾਲੀ ਅਤੇ ਆਧਾਰਿਕ ਪੁਸਤਕ ਹੈ। ਸੰਗੀਤ ਕੌਮੁਦੀ ਪੁਸਤਕ ਸਾਸ਼ਤਰ ਪੱਖ ਤੋਂ ਸੰਗੀਤ ਪਾਠਕਾਂ ਲਈ ਵਧੇਰੇ ਮਹੱਤਵਪੂਰਨ ਹੈ। ਜੇਕਰ ਇਸ ਪੁਸਤਕ ਨੂੰ ਅਲੋਚਨਾ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਇਸ ਪੁਸਤਕ ਦੇ ਸਾਰੇ ਭਾਗਾਂ ਵਿੱਚ

ਮੂਲ ਲੇਖਕ ਨੂੰ ਸੰਸਕ੍ਰਿਤ ਭਾਸ਼ਾ ਦੀ ਘੱਟ ਜਾਣਕਾਰੀ ਦਾ ਬੋਧ ਹੁੰਦਾ ਹੈ। ਪੁਸਤਕ ਦੇ ਪਹਿਲੇ ਅਤੇ ਦੂਜੇ ਭਾਗ ਵਿੱਚ ਸੰਸਕ੍ਰਿਤ ਭਾਸ਼ਾ ਦੇ ਸ਼ਲੋਕ ਅਤੇ ਸ਼ਬਦਾਵਲੀ ਸਪਸ਼ਟ ਨਜ਼ਰ ਨਹੀਂ ਆਉਂਦੀ। ਪੁਸਤਕ ਦੇ ਭਾਗ ਤੀਜਾ ਅਤੇ ਚੌਥਾ ਦੇ ਪੰਨਾ ਨੰ. 25 ਉੱਪਰ ਨਜ਼ਰ ਮਾਰੀਏ ਤਾਂ ਪਤਾ ਚਲਦਾ ਹੈ ਕਿ ਸੰਗੀਤ ਰਤਨਾਕਰ ਅਨੁਸਾਰ ਸਲੋਕ ਵਿੱਚ ਜਾਤੀ ਲਛਣ 13 ਦਰਸਾਏ ਗਏ ਹਨ ਪਰੰਤੂ ਲੇਖਕ ਨੇ ਸਿਰਫ 12 ਲਛਣਾਂ ਦਾ ਜਿਕਰ ਕੀਤਾ ਹੈ, ਇਸ ਤੋਂ ਉਪਰੰਤ ਲੇਖਕ ਨੇ ਪ੍ਰਾਚੀਨ ਆਲਾਪ ਗਾਇਨ ਸਵਸਥਾਨ ਦੇ ਤਿੰਨ ਪ੍ਰਕਾਰ ਮੰਨੇ ਹਨ ਜਦਕਿ ਪ੍ਰਾਚੀਨ ਅਲਾਪ ਸਵਸਥਾਨ ਦੇ ਚਾਰ ਪ੍ਰਕਾਰ ਹਨ। ਪੁਸਤਕ ਵਿੱਚ ਲੇਖਕ ਨੇ ਅੰਸ਼ ਸਵਰ ਨੂੰ ਵਿਵਾਦੀ ਸਵਰ ਕਿਹਾ ਹੈ ਜੋ ਕਿ ਮੰਨਣਯੋਗ ਨਹੀਂ ਹੈ। ਇਤਿਹਾਸਿਕ ਤੱਥਾਂ ਉੱਪਰ ਨਜ਼ਰ ਮਾਰੀਏ ਤਾਂ ਕੁਝ ਇਤਿਹਾਸਿਕ ਤੱਥ ਵੀ ਮੰਨਣਯੋਗ ਨਹੀਂ ਹਨ ਜਿਵੇਂ ਇਸ ਪੁਸਤਕ ਵਿੱਚ ਲੇਖਕ ਨੇ ਮੁਹੰਮਦ ਸ਼ਾਹ ਰੰਗੀਲੇ ਦਾ ਸ਼ਾਸਨ-ਕਾਲ ਸਮਾਂ 1719-1740 ਮੰਨਿਆ ਹੈ ਜਦਕਿ ਕੁਝ ਹੋਰ ਮਹੱਤਵਪੂਰਨ ਪੁਸਤਕਾਂ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਮੁਹੰਮਦ ਸ਼ਾਹ ਰੰਗੀਲੇ ਦਾ ਸ਼ਾਸਨ-ਕਾਲ ਸਮਾਂ 1719-1748 ਸੀ। ਹਿੰਦੀ ਭਾਸ਼ਾਈ ਤਰੁਟੀਆਂ ਨੂੰ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਕਰਦੇ ਸਮੇਂ ਦੂਰ ਕਰਨ ਦੇ ਯਤਨ ਕੀਤੇ ਗਏ ਹਨ। ਕਿਰਿਆਤਮਕ ਪੱਖ ਉੱਪਰ ਨਜ਼ਰ ਮਾਰੀਏ ਤਾਂ ਇਸ ਪੱਖ ਤੋਂ ਵੀ ਪੁਸਤਕ ਵਿੱਚ ਸੁਧਾਰ ਦੀ ਜ਼ਰੂਰਤ ਹੈ ਉਦਾਹਰਣ ਰੂਪ ਵਿੱਚ ਦੇਖਿਆ ਜਾਵੇ ਤਾਂ ਲੇਖਕ ਨੇ ਮੁਲਤਾਨੀ ਰਾਗ ਵਿੱਚ ਕੋਮਲ ਨਿਸ਼ਾਦ ਦਾ ਪ੍ਰਯੋਗ ਦਰਸਾਇਆ ਹੈ ਪਰੰਤੂ ਪ੍ਰਚਲਿਤ ਰਾਗ ਮੁਲਤਾਨੀ ਵਿੱਚ ਕੋਮਲ ਨਿਸ਼ਾਦ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ। ਇਸ ਪੁਸਤਕ ਵਿੱਚ ਬਹੁਤ ਸਾਰੇ ਅਜਿਹੇ ਰਾਗ ਅਤੇ ਤਾਲ ਹਨ ਜੋ ਪੁਸਤਕ ਦੇ ਲਗਭਗ ਹਰ ਭਾਗ ਵਿੱਚ ਦੁਬਾਰਾ-ਦੁਬਾਰਾ ਪ੍ਰਕਾਸ਼ਿਤ ਕੀਤੇ ਗਏ ਹਨ ਜਦਕਿ ਭਾਰਤੀ ਸੰਗੀਤ ਵਿੱਚ ਅਨੇਕ ਪ੍ਰਚਲਿਤ ਅਤੇ ਅਪ੍ਰਚਲਿਤ ਰਾਗ ਅਤੇ ਤਾਲ ਵਿਦਮਾਨ ਹਨ ਜਿਨ੍ਹਾਂ ਦਾ ਵਰਨਣ ਕਰਨਾ ਸੰਗੀਤ ਪ੍ਰੇਮੀਆਂ ਲਈ ਹੋਰ ਵੀ ਵਧੇਰੇ ਲਾਹੇਵੰਦ ਹੋ ਸਕਦਾ ਸੀ।

ਅਸਿਸ਼ਟੈਂਟ ਪ੍ਰੋਫੈਸਰ(ਸੰਗੀਤ ਵਿਭਾਗ), ਗੁਰੂ ਨਾਨਕ ਕਾਲਜ ਬੁਢਲਾਡਾ, 9915105008



# ਹਿੰਦੀ ਸਿਨੇਮਾਂ ਦੇ ਪਹਿਲੇ ਸੁਪਰ ਸਟਾਰ 'ਕੁੰਦਨਲਾਲ ਸਹਿਗਲ'

ਅਮਰਿੰਦਰ ਸਿੰਘ

'ਕੁੰਦਨਲਾਲ ਸਹਿਗਲ', ਹਿੰਦੀ ਸਿਨੇਮਾਂ ਵਿਚ ਇਕ ਅਜਿਹਾ ਨਾਮ ਹੈ, ਜਿਸ ਨੇ 16 ਵਰ੍ਹੇ ਹਿੰਦੀ ਫ਼ਿਲਮ ਇੰਡਸਟਰੀ 'ਤੇ ਰਾਜ ਕਰਦੇ ਹੋਏ ਆਪਣੀ ਇਕ ਅਮਿੱਟ ਛਾਪ ਛੱਡੀ। ਆਪਣੇ ਸਮਕਾਲੀ ਮਾਸਟਰ ਨਿਸਾਰ ਅਤੇ ਪੰਕਜ ਮਲਿਕ ਵਰਗੇ ਗਾਇਕ ਅਤੇ ਅਦਾਕਾਰਾਂ ਦੇ ਹੁੰਦੇ ਹੋਏ ਵੀ ਸਹਿਗਲ ਨੂੰ ਹਿੰਦੀ ਸਿਨੇਮਾਂ ਦੇ ਪਹਿਲੇ ਸੁਪਰ ਸਟਾਰ ਕਹਾਉਂਣ ਦਾ ਮਾਣ ਹਾਸਿਲ ਹੋਇਆ ਹੈ। ਸਹਿਗਲ ਦੀ ਗਾਇਨ-ਸ਼ੈਲੀ ਐਨੀ ਪਰਿਪੱਕ ਅਤੇ ਸਫਲ ਸੀ ਕਿ ਹਿੰਦੀ ਕੁੰਦਨਲਾਲ ਸਹਿਗਲ

ਫ਼ਿਲਮ ਸੰਗੀਤ ਦੇ ਇਤਿਹਾਸ ਦੇ ਪੰਨਿਆਂ 'ਤੇ ਇਸ ਸਮੇਂ ਨੂੰ ਸਹਿਗਲ-ਕਾਲ (1932-1947) ਵੀ ਕਿਹਾ ਜਾਂਦਾ ਹੈ।

ਕੁੰਦਨਲਾਲ ਸਹਿਗਲ ਦਾ ਜਨਮ 4 ਅਪ੍ਰੈਲ 1904 ਨੂੰ ਜੰਮੂਪ੍ਰਾਂਤ ਦੇ 'ਨਵਾਂ ਸ਼ਹਿਰ' ਵਿਚ ਹੋਇਆ। ਇਹਨਾਂ ਦੀ ਮਾਤਾ ਦਾ ਨਾਮ ਕੇਸਰ ਕੌਰ ਅਤੇ ਪਿਤਾ ਜੀ ਦਾ ਨਾਮ ਅਮਰਚੰਦ ਸਹਿਗਲ ਸੀ ਜੋ ਪੇਸ਼ੇ ਵਜੋਂ ਜੰਮੂਵਿਚ ਹੀ ਤਹਿਸੀਲਦਾਰ ਸਨ। ਕੇ.ਐਲ. ਸਹਿਗਲ ਦੇ ਦੋ ਹੋਰ ਵੱਡੇ ਭਰਾ ਰਾਮਲਾਲ ਸਹਿਗਲ ਅਤੇ ਮਹਿੰਦਰ ਸਹਿਗਲ ਸਨ। ਸਹਿਗਲ 10 ਸਾਲ ਦੀ ਉਮਰ ਵਿਚ ਹੀ ਰਾਮਲ੍ਹੀਲਾ ਵਿਚ ਕਿਰਦਾਰ ਨਿਭਾਉਣ ਲੱਗ ਗਏ ਸਨ। 13 ਸਾਲ ਦੀ ਉਮਰ ਵਿਚ ਇਹਨਾਂ ਨਾਲ ਇਕ ਹਾਦਸਾ ਇਹ ਵਾਪਰਿਆ ਕਿ ਇਹਨਾਂ ਦੀ ਅਵਾਜ਼ ਫਟ ਗਈ ਅਤੇ ਸਹਿਗਲ ਹਰ ਸਮੇਂ ਖਾਮੋਸ਼ ਬੈਠੇ ਰਹਿੰਦੇ ਸਨ। ਫਿਰ ਇਹਨਾਂ ਦੀ ਮਾਤਾ ਜੀ ਇਹਨਾਂ ਨੂੰ ਸੂਫੀ ਸੰਤ ਸਲਮਾਨ ਯੂਸਫ਼ ਕੋਲ ਲੈ ਗਈ। ਇਸ ਸੰਤ ਨੇ ਇਹਨਾਂ ਨੂੰ 2 ਸਾਲ ਤੱਕ ਕੁਝ ਨਾਂ ਗਾਉਂਣ ਦੀ ਸਲਾਹ ਦਿੱਤੀ। ਇਸ ਤੋਂ ਬਾਅਦ ਇਹਨਾਂ ਦੀ ਅਵਾਜ਼ ਇਕ ਨਵੀਂ ਤਾਜ਼ਗੀ ਅਤੇ ਚਮਕ ਲੈ ਕੇ ਸਾਹਮਣੇ ਆਈ। ਹਾਈ ਸਕੂਲ ਪਾਸ ਕਰਨ ਉਪਰੰਤ ਸਹਿਗਲ ਨੇ ਪਹਿਲਾਂ ਤਾਂ ਦਿੱਲੀ ਰੇਲਵੇ ਵਿਚ ਟਾਇਮ-ਕੀਪਰ ਦੀ ਨੌਕਰੀ ਕੀਤੀ ਅਤੇ ਫੇਰ ਟਾਇਪ-ਰਾਈਟਰ ਦੀ ਦੁਕਾਨ ਤੇ ਕੰਮ ਕੀਤਾ।

ਕੇ.ਐਲ. ਸਹਿਗਲ ਨੇ ਉਸ ਦੌਰ ਵਿਚ ਫ਼ਿਲਮਾਂ ਵਿਚ ਕਦਮ ਰੱਖਿਆ ਜਦੋਂ ਫ਼ਿਲਮਾਂ ਨੇ ਬੋਲਣਾਂ ਸਿੱਖਿਆ ਹੀ ਸੀ। ਇਸ ਸਮੇਂ ਤੱਕ ਪਿਠਵਰਤੀ ਗਾਇਨ ਦੀ ਸ਼ੁਰੂਆਤ ਨਹੀਂ ਹੋਈ ਸੀ। ਕੇਵਲ ਉਹੀ ਅਦਾਕਾਰ ਹਿੰਦੀ ਫ਼ਿਲਮਾਂ ਵਿਚ ਪਰਵੇਸ਼ ਕਰ ਸਕਦੇ ਸਨ ਜੋ ਅਦਾਕਾਰ ਦੇ ਨਾਲ-ਨਾਲ ਅੱਛੇ ਗਾਇਕ ਵੀ ਹੋਣ। ਕੇ. ਐਲ. ਸਹਿਗਲ ਵਿਚ ਇਹ ਦੋਵੇਂ ਗੁਣ ਮੌਜੂਦ ਸਨ। ਉਹ ਜਿੰਨੇ ਕਾਬਿਲ ਅਦਾਕਾਰ ਸਨ ਉਨੇ ਹੀ ਅੱਛੇ ਗਾਇਕ ਵੀ ਸਨ।

1932 ਵਿਚ ਇਹਨਾਂ ਨੇ ਹਿੰਦੀ ਫ਼ਿਲਮ ਇੰਡਸਟਰੀ ਵਿਚ ਪੈਰ ਧਰਿਆ। ਇਸ ਸਮੇਂ ਦੌਰਾਨ ਸਹਿਗਲ ਦੀ ਮੁਲਾਕਾਤ ਸੰਗੀਤਕਾਰ ਹਰੀਸ਼ਚੰਦਰ ਬਾਲੀ ਨਾਲ ਹੋਈ। ਹਰੀਸ਼ਚੰਦਰ ਬਾਲੀ, ਸਹਿਗਲ ਦੇ ਗਾਣੇ ਤੋਂ ਬਹੁਤ ਪ੍ਰਭਾਵਿਤ ਹੋਏ। ਬਾਲੀ, ਸਹਿਗਲ ਨੂੰ ਆਪਣੇ ਦੋਸਤ ਸੰਗੀਤਕਾਰ ਰਾਏਚੰਦ ਬੋਰਾਲ ਕੋਲ ਲੈ ਕੇ ਗਏ। ਰਾਏਚੰਦ ਬੋਰਾਲ ਕਲਕੱਤਾ ਦੇ ਨਿਊ-ਥਿਏਟਰ ਵਿਚ ਸੰਗੀਤਕਾਰ ਵਜੋਂ ਨਿਯੁਕਤ ਸਨ। ਬੋਰਾਲ ਸਾਹਬ, ਸਹਿਗਲ ਦਾ ਗਾਣਾ ਸੁਣ ਕੇ ਬੇਹੱਦ ਪ੍ਰਭਾਵਿਤ ਹੋਏ। ਫਿਰ ਬੋਰਾਲ ਸਾਹਬ ਨੇ ਹਰੀਸ਼ਚੰਦਰ ਬਾਲੀ ਦੀ ਸਿਫਾਰਸ਼ ਕਰਨ ਤੇ ਸਹਿਗਲ ਨੂੰ ਨਿਊ-ਥਿਏਟਰੋ ਕਲਕੱਤਾ ਵਿਚ 150 ਰੁ: ਪ੍ਰਤੀ ਮਹੀਨੇ ਤੇ ਗਾਇਕ-ਅਦਾਕਾਰ ਦੀ ਨੌਕਰੀ ਦਿਲਵਾ ਦਿੱਤੀ।

ਕੇ.ਐਲ. ਸਹਿਗਲ ਦੀ ਪਹਿਲੀ ਫ਼ਿਲਮ 'ਨਿਊ-ਥਿਏਟਰੋ ਦੀ' ਮੁਹੱਬਤ ਕੇ ਆਂਸੂ (1932) ਸੀ। ਇਸ ਫ਼ਿਲਮ ਵਿਚ ਸਹਿਗਲ ਨੇ ਅਦਾਕਾਰੀ ਦੇ ਨਾਲ-ਨਾਲ ਗੀਤ ਵੀ ਗਾਏ। ਇਸ ਫ਼ਿਲਮ ਦਾ ਸੰਗੀਤ ਰਾਏਚੰਦ ਬੋਰਾਲ ਨੇ ਤਿਆਰ ਕੀਤਾ ਸੀ। ਇਸ ਤੋਂ ਬਾਅਦ ਸਹਿਗਲ ਨੇ ਰੂਪ ਲੇਖਾ, ਸੁਬਹਾ ਕਾ ਸਿਤਾਰਾ, (1932) ਪੂਰਨ ਭਗਤ, ਯਹੂਦੀ ਕੀ ਲੜਕੀ (1933) ਅਤੇ ਚੰਡੀਦਾਸ (1934) ਆਦਿ ਫ਼ਿਲਮਾਂ ਵਿਚ ਅਦਾਕਾਰੀ ਅਤੇ ਗੀਤ ਗਾਏ। ਇਹਨਾਂ ਦੀ ਸਭ ਤੋਂ ਪਹਿਲੀ ਸਫ਼ਲ ਫ਼ਿਲਮ ਦੇਵਦਾਸ (1935) ਸੀ। ਇਸ ਫ਼ਿਲਮ ਦੇ 'ਬਾਲਮ ਆਨ ਬਸੋ ਮੋਰੇ ਮਨ ਮੇਂ' 'ਦੁੱਖ ਕੇ ਦਿਨ ਅਬ ਬੀਤਤ ਨਾਹੀ' ਅਤੇ 'ਪੀਆ ਬਿਨ ਆਵਤ ਨਾਹੀ ਚੈਨ' ਆਦਿ ਗੀਤ ਐਨੇ ਮਸ਼ਹੂਰ ਹੋਏ ਕਿ ਸਹਿਗਲ ਰਾਤੋ-ਰਾਤ ਹਿੰਦੀ ਸਿਨੇਮਾਂ ਦਾ ਸੂਪਰ ਸਟਾਰ ਬਣ ਗਿਆ। 'ਪੀਆ ਬਿਨ ਆਵਤ ਨਾਹੀ ਚੈਨ' ਅਬਦੁਲ ਕਰੀਮ ਖ਼ਾਂ ਸਾਹਿਬ ਦੀ ਮਸ਼ਹੂਰ ਠੁਮਰੀ ਸੀ। ਇਸ ਠੁਮਰੀ ਨੂੰ ਫ਼ਿਲਮ ਦੇਵਦਾਸ ਵਿਚ ਸਹਿਗਲ ਦੁਆਰਾ ਗਾਉਂਣ ਦੀ ਚਰਚਾ ਸੁਣ ਕੇ ਖ਼ਾਂ ਸਾਹਿਬ ਇਹ ਠੁਮਰੀ ਸੁਣਨ ਲਈ ਫ਼ਿਲਮ ਦੇਖਣ ਗਏ ਸਨ। ਇਸ ਫ਼ਿਲਮ ਦੀ ਕਾਮਯਾਬੀ ਤੋਂ ਬਾਅਦ ਜੋ ਮੁਕਾਮ ਸਹਿਗਲ ਨੇ ਹਾਸਿਲ ਕੀਤਾ ਉਹ ਉਸੇ ਤਰ੍ਹਾਂ ਹੀ ਅੰਤ ਸਮੇਂ ਤੱਕ ਸਥਿਰ ਰਿਹਾ।

ਇਸ ਫ਼ਿਲਮ ਤੋਂ ਬਾਅਦ ਸਹਿਗਲ ਨੇ ਪੁਜਾਰਿਨ (1936), ਪ੍ਰੈਜ਼ੀਡੈਂਟ (1937), ਸਟਰੀਟ ਸਿੰਗਰ (1938), ਜ਼ਿੰਦਗੀ (1940), ਲਗਾਨ (1941), ਭਗਤ ਸੂਰਦਾਸ (1942) ਅਤੇ ਤਾਨਸੇਨ (1943) ਆਦਿ ਲਗਭਗ 36 ਫ਼ਿਲਮਾਂ (28 ਹਿੰਦੀ, 7 ਬੰਗਾਲੀ, 1 ਤਮਿਲ) ਵਿਚ ਕੰਮ ਕੀਤਾ। ਉਂਝ ਤਾਂ ਇਹਨਾਂ ਦੀ ਹਰ ਗੀਤ ਹਿੱਟ ਸੀ ਪਰ ਦੇਵਦਾਸ ਦਾ 'ਬਾਲਮ ਆਨ ਬਸੋ ਮੋਰੇ ਮਨ ਮੇਂ', ਪ੍ਰੈਜ਼ੀਡੈਂਟ ਦਾ 'ਇਕ ਬੰਗਲਾ ਬਨੇ ਨਿਆਰਾ' ਅਤੇ ਸਟਰੀਟ ਸਿੰਗਰ ਦਾ 'ਬਾਬੂਲ ਮੋਰਾ ਨੇਹਰ ਛੂਟ ਜਾਏ' ਆਦਿ ਅੱਜ

ਵੀ ਲੋਕਾਂ ਦੀ ਜ਼ੁਬਾਨ 'ਤੇ ਹਨ। ਇਹਨਾਂ ਦੇ ਗ਼ੈਰ-ਫ਼ਿਲਮੀ ਪੰਜਾਬੀ ਗੀਤਾਂ ਦੀ ਗੱਲ ਕਰੀਏ ਤਾਂ 'ਮਾਹੀ ਨਾਲ ਜੇ ਅੱਖ ਲੜਦੀ ਕਦੀ ਨਾ' ਅਤੇ 'ਓ ਸੋਹਣੇ ਸਾਕੀਆ ਮੇਰੀ ਗਲੀ ਵੀ ਫੇਰਾ ਪਾਉਂਦਾ ਜਾਏ' ਆਦਿ ਪ੍ਰਮੁੱਖ ਹਨ। ਫ਼ਿਲਮ ਪਰਵਾਨਾ (1947) ਸਹਿਗਲ ਦੀ ਅੰਤਿਮ ਫ਼ਿਲਮ ਸੀ।

ਸਹਿਗਲ ਨੇ ਇਕ ਨਵੀਂ ਗਾਇਨ ਸ਼ੈਲੀ ਦੇ ਰੁਝਾਨ ਨੂੰ ਪ੍ਰਚਾਰ ਵਿਚ ਲਿਆਂਦਾ ਹੈ। ਸਹਿਗਲ ਉਸ ਦੌਰ ਦੇ ਅਜਿਹੇ ਪਹਿਲੇ ਵਿਅਕਤੀ ਸਨ ਜਿਹਨਾਂ ਨੇ ਹਲਕੀ ਅਵਾਜ਼ ਵਿਚ ਗਾਉਂਣ ਦੀ ਸ਼ੈਲੀ ਦਾ ਨਿਰਮਾਣ ਅਤੇ ਪ੍ਰਚਾਰ ਕੀਤਾ। ਇਹਨਾਂ ਨੇ ਲਗਭਗ 16 ਵਰ੍ਹੇ ਹਿੰਦੀ ਫ਼ਿਲਮ ਇੰਡਸਟਰੀ ਤੇ ਰਾਜ ਤਾਂ ਕੀਤਾ ਹੀ ਹੈ ਪਰ ਨਾਲ ਹੀ ਆਪਣੀ ਸਥਾਪਿਤ ਸ਼ੈਲੀ ਦੀ ਅਜਿਹੀ ਛਾਪ ਛੱਡੀ ਕਿ ਜਿਸ ਤੋਂ ਆਉਂਣ ਵਾਲੇ ਗਾਇਕਾਂ ਜਿਵੇਂ ਸੀ.ਐਚ. ਆਤਮਾ ਅਤੇ ਮੁਕੇਸ਼ ਕੁਮਾਰ ਨੇ ਸੇਧ ਲਈ। ਗ਼ਜਲ ਅਤੇ ਠੁਮਰੀ ਸ਼ੈਲੀ ਦੇ ਗੀਤਾਂ ਦਾ ਜੋ ਪ੍ਰਚਾਰ ਸਹਿਗਲ ਨੇ ਕੀਤਾ ਉਹ ਆਪਣੇ-ਆਪ ਵਿਚ ਇਕ ਮਿਸਾਲ ਹੈ। ਸਹਿਗਲ ਆਪਣੇ ਅੰਤਿਮ ਸਮੇਂ ਵਿਚ ਸ਼ਰਾਬ ਦੇ ਆਦੀ ਹੋ ਗਏ ਸਨ। ਕੇਵਲ 43 ਵਰ੍ਹੇ ਦੀ ਉਮਰ ਵਿਚ 18 ਜਨਵਰੀ 1947 ਨੂੰ ਇਹ ਮਹਾਨ ਗਾਇਕ-ਅਦਾਕਾਰ ਸਦਾ ਲਈ ਹਿੰਦੀ ਸਿਨੇਮਾਂ ਨੂੰ ਅਲਵਿਦਾ ਕਹਿ ਗਿਆ।

ਗੁਰਮਤਿ ਸੰਗੀਤ, ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਈਮੇਲ:
***amrinder.gs@gmail.com***, ਮੋਬਾਈਲ : 9888114583

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

## IF YOU WANT TO DONATE

for Amrit Kirtan Magazine & Kirtan CD Sewa, you can send by Money Orders, Demand Drafts, Cheque to Amrit Kirtan Trust, # 422, Sector 15-A, Chandigarh or deposit online direct in Amrit Kirtan Trust Account No. 65079603302, State Bank of Patiala, IFS Code STBP 0000240, Sector 22-B, Chandigarh. For more information contact : Dr. Jagir Singh, Mobile : 09814053630

# ਭਗਤੀ ਸੰਗੀਤ-ਰਾਜਯੋਗ

ਕਰਤਾਰ ਸਿੰਘ ਨੀਲਧਾਰੀ

ਸ੍ਰਿਸ਼ਟੀ ਦੀ ਰਚਨਾ ਅਤੇ ਸੰਚਾਲਨ ਇਕ ਨਿਸ਼ਚਿਤ ਸੰਗੀਤ ਵਿਚ ਹੋ ਰਿਹਾ ਹੈ। ਧਰਮ ਦੀ ਪੁਨਰ ਸਥਾਪਨਾ ਲਈ ਜਿਹੜਾ ਵੀ ਕੋਮਲ ਹਿਰਦੇ ਵਾਲਾ ਮਹਾਂਪੁਰਸ਼ ਆਇਆ ਹੈ, ਉਸਨੇ ਆਪਣੇ ਉਪਦੇਸ਼ ਅਤੇ ਸਾਤਵਿਕ ਸਿੱਖਿਆ ਵਿਚ ਸੰਗੀਤ ਦਾ ਸਮਾਵੇਸ਼ ਕਿਸੇ ਨ ਕਿਸੇ ਰੂਪ ਵਿਚ ਜ਼ਰੂਰ ਕੀਤਾ ਹੈ। ਤਿੰਨ ਯੁਗਾਂ ਦੇ ਅੰਤ ਵਿਚ ਆਏ ਭਗਵਾਨ ਸ੍ਰੀ ਕ੍ਰਿਸ਼ਨ ਨੇ ਤਾਂ ਬਚਪਨ ਤੋਂ ਹੀ ਬੰਸਰੀ ਦੀ ਮਨਮੋਹਨੀ ਸੁਰ ਲਹਿਰੀਆਂ ਨਾਲ ਤ੍ਰਿਲੋਕੀ ਨੂੰ ਮੋਹ ਲਿਆ। ਸੰਗੀਤ ਭਰਤ ਮੁਨੀ ਦੇ ਗੁਰਕੁਲਾਂ ਦੇ ਵਾੜੇ ਤੋਂ ਸੁਤੰਤਰ ਹੋ ਕੇ ਜੀਵਾਤਮਾ-ਪਰਮਾਤਮਾ ਦਾ ਸੰਜੋਗ ਦਾ ਆਦਰਸ਼ ਸਾਧਨ ਬਣ ਗਿਆ। ਕਲਜੁਗ ਵਿਚ ਬੁੱਧ ਧਰਮ ਦੀ ਸ਼ਾਖਾ (ਮਹਾਯਾਨ) ਦੇ ਰੂਪ ਵਿਚ ਪ੍ਰਗਟੇ ਸਿੱਧ ਨਾਥਾਂ ਨੇ ਆਪਣੇ ਜੀਵਨ ਦੇ ਅੰਦਰ-ਬਾਹਰ ਦੇ ਅਨੁਭਵ ਲੋਕ ਭਾਸ਼ਾ ਵਿਚ ਪ੍ਰਗਟ ਕੀਤੇ ਅਤੇ ਰਾਗਾਂ ਵਿਚ ਗਾਏ। ਭਗਤੀ ਲਹਿਰ ਆਚਾਰਯ ਸ਼ੰਕਰ ਦੀ, ਮਾਤਾ ਦੇ ਸਗੁਣ ਭਗਤੀ ਦੀ ਸਫਲਤਾ ਵਿਚ, ਵਿਚਾਰ ਕ੍ਰਾਂਤੀ ਨਾਲ ਆਰੰਭ ਹੋਈ। ਸ਼ੰਕਰਾਚਾਰਯਾ ਸਾਰੀ ਉਮਰ ਨਿਰਗੁਨ ਨਿਰਾਤਮ ਬ੍ਰਹਮ ਦਾ ਗਿਆਨ ਕਰਦੇ ਰਹੇ ਸਨ। ਜੀਵਨ (ਕੁੱਲ 32 ਸਾਲ) ਦੇ ਅਖੀਰਲੇ ਚਾਰ ਬਰਸ਼ ਵੇਦਾਂਤ ਦੀ ਵਰਤਨੀ ਵਿਚ ਸਰਗੁਨ ਸਾਕਾਰ ਅਵਤਾਰਾਂ ਦੀ ਭਗਤੀ ਦੀ ਦੱਖਣ ਵਿਚ ਸਥਾਪਨਾ ਕੀਤੀ।

ਦੱਖਣ ਤੋਂ ਇਹ ਭਗਤੀ ਲਹਿਰ ਆਚਾਰਯ ਰਾਮਾਨੁਜ ਦੀ ਕਿਰਪਾ ਨਾਲ ਦੱਖਣ ਤੋਂ ਉੱਤਰ ਭਾਰਤ ਵਿਚ ਗੌੜਦੇਸ਼ (ਬੰਗਾਲ ਉਡੀਸਾ ਤੇ ਮੌਜੂਦਾ ਮਹਾਰਾਸ਼ਟਰ ਵਿਚ ਪੁੱਜੀ। ਇਸ ਭਗਤੀ ਲਹਿਰ ਦਾ ਆਧਾਰ ਮੰਦਿਰਾਂ ਵਿਚ ਨੇਮ ਨਾਲ ਪ੍ਰਭੂ ਦੀ ਉਸਤਤਿ ਗਾਇਨ ਦੇ ਨੇਮ ਨਾਲ ਜੁੜਿਆ ਹੈ। ਦੱਖਣ ਵਿਚ ਨੀਵੀਂ ਜਾਤਾਂ ਵਾਲੇ ਭਗਤ ਮੰਦਿਰਾਂ ਵਿਚ ਨਹੀਂ ਸੀ ਜਾ ਸਕਦੇ। ਇਸ ਲਈ ਉਹ ਬਹੁਤੇ ਦਰਖਤਾਂ (ਪੀਪਲ ਜਾਂ ਬੋਹੜ) ਹੇਠ ਇਸ਼ਟ ਚਿੰਨ ਰੂਪ ਸਾਲਿਗ੍ਰਾਮ (ਕਾਲਾ ਪੱਥਰ) ਰੱਖ ਕੇ ਆਪਣੇ ਨਿਤਨੇਮੀ ਕੀਰਤਨ ਕਰ ਲੈਂਦੇ ਸਨ। ਪੰਡਰਪੁਰ ਦੇ ਸੰਤ ਨਾਮ ਦੇਵ ਜੀ ਨੂੰ ਮੰਦਿਰ ਤੋਂ ਛੀਂਬਾ ਜਾਤਮ ਹੋਣ ਕਰਕੇ ਕੱਢਿਆ ਗਿਆ ਸੀ। ਦੇਹੁਰਾ ਫਿਰਨ ਦਾ ਪ੍ਰਸੰਗ ਕੋਈ ਕਪੋਲ ਕਲਪਨਾ ਨਹੀਂ ਸਗੋਂ ਭਗਤੀ ਦੀ ਸ਼ਕਤੀ ਦਾ ਅਲੋਕਾਰ ਹੈ। ਮਹਾਰਾਸ਼ਟਰਾ ਗੁਜਰਾਤ ਵਿਚ ਰਾਮਾਨੁਜ ਜੀ ਦੇ ਵਰੋਸਾਏ ਹੋਏ ਸੰਤਾਂ ਦੀ ਕਿਰਪਾ ਨਾਲ ਭਗਤੀ ਲਹਿਰ ਪ੍ਰਫੁਲਿਤ ਹੋਈ। ਇਸੇ ਪਰੰਪਰਾ ਵਿਚ ਸਵਾਮੀ ਰਾਮਾਨੰਦ ਜੀ ਦੇ ਜੀਵਨ ਦਾ ਪੂਰਬਾਦ ਗੁਜਰਾਤ ਵਿਚ ਬੀਤਿਆ। ਉਹਨਾਂ ਦੇ ਉਤਰਾਧਿਕਾਰ ਦੇ ਰੂਪ ਵਿਚ ਸਵਾਮੀ ਨਾਰਾਇਣ ਦੀ ਸੋਭਾ ਸਥਾਪਿਤ ਹੋਈ। ਇਸ ਸਥਾਪਤੀ ਤੋਂ ਬਾਅਦ ਸਵਾਮੀ ਰਾਮਾਨੰਦ ਜੀ ਕਾਂਸ਼ੀ ਆ ਗਏ। ਸੰਤ ਕਬੀਰ ਨਾਟਕੀ ਢੰਗ ਨਾਲ ਸਵਾਮੀ ਰਾਮਾਨੰਦ ਜੀ ਦੇ ਸ਼ਿਸ਼ ਬਣੇ ਅਤੇ ਇਕ ਪ੍ਰਸਿੱਧ ਭਗਤੀ ਲਹਿਰ ਅਤੇ ਭਗਤ ਮੰਡਲੀ ਤਿਆਰ ਹੋਈ। ਇਹਨਾਂ ਆਤਮ ਪ੍ਰਕਾਸ਼ੀ ਭਗਤਾਂ ਨੇ ਲੋਕਭਾਸ਼ਾ ਵਿਚ ਜੋ ਵੀ ਬਾਣੀ ਉਚਾਰੀ, ਉਹ ਰਾਗਾਂ ਵਿਚ ਗਾਇਨ ਕਰਕੇ ਮਨ ਦੇ ਆਨੰਦ ਦੀ ਧਾਰਾ ਨੂੰ ਲੋਕਾਈ ਦੇ ਕਲਿਆਣ ਦੀ ਪਾਪਮੋਚਨੀ ਗੰਗਾ ਬਣਾ ਦਿੱਤਾ। ਸਮਾਂ ਪਾ ਕੇ ਸਵਾਮੀ ਰਾਮਾਨੰਦੀ ਭਗਤਟੋਲੀ ਨੂੰ ਗੁਰੂ ਗ੍ਰੰਥ ਸਾਹਿਬ ਵਿਚਅਮਰਤਾ ਪ੍ਰਾਪਤ ਹੋਈ।

ਸ੍ਰੀ ਗੁਰੂ ਨਾਨਕ ਦੇਵ ਪਹਿਲੀਆਂ ਵਿਚ ਜੋ ਵੀ ਬਾਣੀ ਉਚਾਰੀ ਉਹ ਤੁਰਿਤ ਉਤਰੀ ਸ਼ਲੋਕ ਰੂਪੀ ਬਾਣੀ ਸੀ। ਉਦਾਸੀਆਂ ਵਿਚ ਗੁਰੂ ਜੀ ਨੇ ਭਾਈ ਮਰਦਾਨਾ ਰਬਾਬੀ ਨੂੰ ਪੱਕਾ ਸੰਗੀ ਬਣਾਇਆ। ਭਾਈ ਮਰਦਾਨਾ ਜੀ ਦੇ ਚਲਾਣੇ ਤੋਂ ਬਾਅਦ ਉਸਦੇ ਪੁੱਤਰ ਸ਼ਹਿਜ਼ਾਦੇ ਨੂੰ ਕਰਤਾਰਪੁਰ ਵਿਚ ਹਜ਼ੂਰੀ ਰਬਾਬੀ ਹੋਣ ਦਾ ਸੁਭਾਗ ਮਿਲਿਆ। ਇਸ ਤਰ੍ਹਾਂ ਗੁਰਬਾਣੀ ਦਾ ਸੰਕਲਨ ਪੋਥੀ ਵਿਚ ਕਰ ਲਿਆ ਜਾਂਦਾ ਅਤੇ ਪੋਖੀ ਅਗਲੇ ਗੁਰੂ ਕੋਲ ਪੁੱਜ ਜਾਂਦੀ। ਇਸ ਤਰ੍ਹਾਂ ਪੋਥੀਆਂ ਦੇ ਸੰਚੇ ਗੋਇੰਦਵਾਲ ਵਿਚ ਇਕੱਠੇ ਹੋਏ। ਗੁਰੂ ਜੀ ਨੇ ਚੱਕ ਗੁਰੂ ਕਾ ਜਾਂ ਰਾਮਦਾਸ ਨਗਰੀ ਵਸਾਈ। ਜਿਸਦਾ ਵਿਸਤਾਰ ਅਤੇ ਹਰਿ ਮੰਦਿਰ ਦੀ ਸਥਾਪਨਾ ਤੋਂ ਬਾਅਦ ਪੰਚਮ ਗੁਰੂ ਜੀ ਕੇ ਸਮਾਂ ਅਨੁਕੂਲ ਜਾਣ ਕੇ ਵਿਚਾਰ ਨਾਲ ਗੁਰੂ ਗ੍ਰੰਥ ਸੰਕਲਨ ਸੰਪਾਦਨ ਦਾ ਮਹਾਨ ਕਾਰਜ ਕੀਤਾ। ਅੱਜੋਕੇ ਸਮੇਂ ਵਿਚ ਵੇਦ ਮੰਦਿਰਾਂ ਤੇ ਗੀਤਾਂ ਮੰਦਰਾਂ ਦੀ ਸਥਾਪਨਾ ਗੁਰਦੁਆਰਿਆਂ ਦੀ ਰੀਸ ਹੀ ਕਹੀ ਜਾ ਸਕਦੀ ਹੈ। ਜਿਸ ਤਰ੍ਹਾਂ ਰੈਨ ਸਬਾਈ ਕੀਰਤਨ ਦੀ ਸਿੱਖਾਂ ਵਿਚ ਪੁਨਰ ਸਥਾਪਨਾ ਤੋਂ ਬਾਅਦ ਜਗਰਾਤਿਆਂ ਦਾ ਪ੍ਰਸਾਰ ਹੋਇਆ। ਕੱਚੀ ਬਾਣੀ ਤੇ ਸੱਚੀ ਬਾਣੀ ਦਾ ਅੰਤਰ ਸਪਸ਼ਟ ਦੇਖਿਆ ਜਾ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਦੀ ਰਚਨਾ ਦੀ ਸ਼ਬਦਾਂ ਨਾਨਕ ਛਾਪ ਦੀ ਕੱਚੀ ਬਾਣੀ ਦਾ ਦਖਲ ਹਜ਼ੂਰੀ ਕੀਰਤਨ ਵਿਚ ਹੋਣ ਨਾਲ ਬਣਿਆ ਸੀ। ਸਮੇਂ ਦੀ ਨਜ਼ਾਕਤ ਦੇ ਮੱਦੇ ਨਜ਼ਰ ਆਦਿ ਗ੍ਰੰਥ ਦਾ ਉਤਾਰਾ ਕਰਨ ਲਈ ਵਿਸ਼ੇਸ਼ ਵਿਦਵਾਨ ਸਿੱਖ ਭਾਈ ਬੰਨੋ ਦੀ ਸਰਪ੍ਰਸਤੀ ਹੇਠ ਬਾਰਾਂ ਲਿਖਾਰੀ ਜੋੜ ਕੇ ਉਤਾਰਾ ਲਾਹੋਰ ਵਿਚ ਕਰਾਇਆ ਗਿਆ। ਦੋਹਾਂ ਜਿਲਦਾਂ ਉੱਤੇ ਗੁਰੂ ਜੀ ਨੇ ਸਹੀ ਕੀਤੀ। (ਖੋਜ ਜੀ. ਬੀ. ਸਿੰਘ ਅਤੇ ਸਾਹਿਬ ਸਿੰਘ ਜੀ ਦੀ ਲਿਖਤ) ਗੁਰੂ ਜੀ ਦੇ ਹੁਕਮ ਨਾਲ ਭਾਈ ਬੰਨੋ ਨੂੰ ਉਹਨਾਂ ਦੇ ਮਾਂਗਟ (ਚਨਿਓਟ) ਲੈ ਜਾ ਕੇ ਹੋਰ ਉਤਾਰੇ ਕਰਨ ਦਾ ਹੁਕਮ ਹੋਇਆ।

ਇਸ ਆਦਿ ਗੰਥ ਦੀ ਸਥਾਪਨਾ ਨਾਲ ਹੀ ਨਵੇਂ ਗ੍ਰੰਥਾਂ ਅਤੇ ਨਵੀਂ ਲਿਪੀ ਵਿਰੁੱਧ ਜੋ ਬਵੰਡਰ ਉੱਠਿਆ, ਉਹ ਅਕਬਰ ਦੇ ਦਰਬਾਰ ਵੀ ਪੁੱਜਿਆ। ਇਸ ਤਰ੍ਹਾਂ ਦੀ ਸਾਰੀ ਸੰਭਾਵਨਾਵਾਂ ਨੂੰ ਵਿਚਾਰ ਕੇ ਹੀ ਗੁਰੂ ਜੀ ਨੇ ਨਵੇਂ ਗੁਰੂ ਗ੍ਰੰਥ ਦੀ ਜਿਲਦ ਕਰਵਾਉਣ ਦੇ ਨਾਮ ਤੇ ਗੁਪਤ ਰੂਪ ਵਿਚ ਉਤਾਰਾ ਕਰਵਾ ਕੇ ਆਦਿ ਗ੍ਰੰਥ ਸੁਰਕਸ਼ਿਤ ਸਥਾਨ ’ਤੇ ਭੇਜ ਕੇ ਹੋਰ ਉਤਾਰੇ ਕਰਨ ਦਾ ਗੁਪਤ ਹੁਕਮ ਸੁਣਾਇਆ ਸੀ। ਇਸ ਗ੍ਰੰਥ ਵਿਚ ਸ਼ਾਮਿਲ ਸਾਰੀ ਬਾਣੀ ਆਤਮ ਪ੍ਰਕਾਸ਼ੀ ਮਹਾਂਪੁਰਸ਼ਾ ਦੀ ਸੀ। ਜਿਹੜੇ ਸਿੱਖਾਂ ਤੇ ਭੱਟਾਂ ਨੇ ਗੁਰੂ ਸਰੂਪਾਂ ਵਿਚ ਪਰਮਾਤਮਾ ਦੇ ਪੂਰਨ ਪ੍ਰਕਾਸ਼ ਦੇ ਅੰਤਰ ਦਰਸ਼ਨ ਦੀਦਾਰ ਕਰ ਲਏ ਸਨ, ਉਹਨਾਂ ਦੀ ਬਾਣੀ ਵੀ ਸੰਪਾਦਨ ਕ੍ਰਮ ਵਿਚ ਦਰਜ ਕੀਤੀ ਗਈ ਸੀ। ਬਾਹਰਵੀਂ ਸਦੀ ਦੇ ਸੰਤ ਜੈਦੇਵ ਤੇ ਤੇਹਰਵੀਂ ਸਦੀ (ਈਸਵੀ) ਦੇ ਸੰਤ ਤ੍ਰਿਲੋਚਨ ਸੰਤਨਾਮ ਦੇਵ, ਬਾਬਾ ਫਕੀਦ ਆਦਿਕ ਦੀ ਬਾਣੀ ਨਾਲ ਸਮਾਮੀ ਰਾਮਾ ਨੰਦ ਦੀ ਭਗਤ ਮੰਡਲੀ ਨੂੰ ਇਹ ਪਾਰਲੌਕਿਕ ਸਨਮਾਨ ਮਿਲਿਆ। ਗੁਰੂ-ਚੇਲੇ ਦੀ ਸੰਧੀ ਅਤੇ ਏਕ ਰੂਪਤਾ ਦੇ ਸਿਖਰ ਦਾ ਪ੍ਰਤੀ ਪਾਦਨ ਕਰਨ ਵਾਲੇ ਧਰਮ ਦੇ ਧਰਮ ਗ੍ਰੰਥ ਦੇ ਰੂਪ ਵਿਚ ਇਕ ਈਸ਼ਵਰ ਭਗਤੀ ਦਾ ਪ੍ਰਕਾਸ਼ ਤੇ ਪ੍ਰਕਾਸ਼ਿਤਾਂ ਦੀ ਏਕ ਜਾਤ ਨੂਰ ਦਾ ਇਕਲੌਤਾ ਗੁਰੂ ਗ੍ਰੰਥ ਦੇ ਰੂਪ ਵਿਚ ਸਥਾਪਤ ਹੋ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਯੁਗ ਵਿਚ ਪ੍ਰਵੇਸ਼ ਕਰਕੇ ਪੰਨਿਆਂ ਦੇ ਅੰਕ ਵੀ ਫਰਮਿਆਂ ਨਾਲ ਨਿਸ਼ਚਿਤ ਹੋ ਗਏ। ਅੰਕ 1 ਤੋਂ 8 ਤਕ ਜਪੁ ਨਾਮੀ ਰਾਗ ਰਹਿਤ ਬਾਣੀ ਹੈ। ਪੰਨਾ 8 ਤੋਂ 13 ਤਕ ਰਾਗ ਸਹਿਤ ਸ਼ਬਦਾਂ ਦੇ ਦੋ ਸੰਕਲਨ ਹਨ। ਇਸ ਤਰ੍ਹਾਂ ਗੁਰਸਿੱਖਾਂ ਦੀ ਸਵੇਰ, ਸ਼ਾਮ ਤੇ ਸੌਣ ਸਮੇਂ ਦੇ ਨਿਤਨੇਮੀ ਬਾਣੀ ਸੰਕਲਤ ਕੀਤੀ ਗਈ। ਅੱਗੋਂ ਸਿਰੀ ਰਾਗ ਨਾਲ ਆਰੰਭੀ ਰਾਗ ਸੰਗੀਤ ਗੁਰਬਾਣੀ ਸੰਕਲਨ 14 ਤੋਂ 1353 ਅੰਕ ਤਕ ਅਬਾਧ ਚਲਦਾ ਹੈ। ਅੰਕ 1323 ਉੱਤੇ ਹੀ ਰਾਗ ਰਹਿਤ ਬਾਣੀ ਦਾ ਸੰਕਲਨ ਸ਼ੁਰੂ ਹੋ ਜਾਂਦਾ ਹੈ ਜੋ 1430 ਅੰਕ ਤਕ ਦੀ ਪੂਰਨਤਾ ਨਾਲ ਜੋੜਦਾ ਹੈ। ਰਾਗ ਸਹਿਤ ਬਾਣੀ ਦੇ ਇਕ ਰਾਗ ਬਾਣੀ ਦੇ ਸੰਕਲਨ ਪਦੇ, ਅਸਟਪਦੀ, ਸੋਲਹੇ ਅਤੇ ਵਿਸ਼ੇਸ਼ ਸਿਰਲੇਖਾਂ ਵਾਲੀ ਸੁਤੰਤਰ ਬਾਣੀਆਂ ਜਿਵੇਂ ਅਨੰਦੁ, ਸਦੁ, ਓਅੰਕਾਰ, ਸਿੱਧ ਗੋਸਟਿ, ਸੁਖਮਨੀ, ਛੰਡ, ਵਾਰਾਂ ਆਦਿਕ ਕ੍ਰਮ ਨਾਲ ਦਰਜ ਕੀਤੇ ਗਏ। ਇਸੇ ਤਰ੍ਹਾਂ ਰਚਨਾਕਾਰ ਗੁਰੂਆਂ ਦੇ ਪਹਿਲੇ-ਦੂਜੇ-ਤੀਜੇ-ਚੌਥੇ-ਪੰਜਵੇਂ-ਨਵੇਂ ਗੁਰੂਆਂ ਦੀ ਬਾਣੀ ਦਾ ਕ੍ਰਮ ਹੈ। ਦੂਜੇ ਜਾਮੇ ਦੀ ਬਾਣੀ ਕੇਵਲ ਸ਼ਲੋਕ ਰੂਪ ਵਿਚ ਹੈ। ਜਿਹਨਾਂ ਦੇ ਵਾਰਾਂ ਵਿਚ ਵਰਤਨ

ਦੀ ਜੁਗਤੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਰਤਨੀ ਆਸਾ ਦੀ ਵਾਰ ਦੇ ਰੂਪ ਵਿਚ ਬਣਾ ਦਿੱਤੀ ਸੀ। ਆਸਾ ਦੀ ਵਾਰ ਦੇ ਕੀਰਤਨੀ ਰੂਪ ਨਾਲ ਚੌਥੇ ਜਾਮੇ ਦੇ ਚਾਰ ਛੰਤਾਂ 24 ਪਦਾਂ ਦਾ ਜੋੜ ਕੀਤਾ ਗਿਆ। ਭਗਤਾਂ ਦੀ ਬਾਣੀ ਦੇ ਕ੍ਰਮ ਵਿਚ ਪਹਿਲਾ ਸਥਾਨ ਕਬੀਰ ਜੀ ਨੂੰ ਦੇ ਕੇ ਬਾਕੀ ਕ੍ਰਮ ਦਰਜ ਵਿਚ ਬਾਣੀ ਰੂਪ ਦੇ ਕ੍ਰਮ ਦਾ ਵੀ ਨਿਸ਼ਚਿਤ ਸੰਪਾਦਨ ਕੀਤਾ ਹੈ।

ਰਾਗ ਜੁਗਤਿ ਅਨੁਸਾਰ ਸਿਰੀ ਰਾਗ (ਅੰਕ 14) ਤੋਂ ਆਰੰਭ ਹੁੰਦਾ ਤੇ ਕ੍ਰਮ ਅਨੁਸਾਰ ਮਾਝ (94), ਗਉੜੀ (151), ਆਸਾ (347), ਗੁਜਰੀ (489), ਦੇਵਗੰਧਾਰੀ (527), ਬਿਹਾਗੜ (537), ਵਡਹੰਸ (557), ਸੋਰਠਿ (595), ਧਨਾਸਰੀ (660), ਜੈਤਸਰੀ (696), ਟੋਡੀ (711), ਬੈਰਾੜੀ (219), ਤਿਲੰਗ (729), ਸੂਹੀ (728), ਬਿਲਾਵਲ (794), ਗੌਂਡ (859), ਰਾਮਕਲੀ (976), ਨਟ ਨਾਰਾਇਣ (975), ਮਾਲੀ ਗਉੜੀ (984), ਮਾਰੂ (989), ਤੁਖਾਰੀ (1107), ਕੇਦਾਰਾ (1118), ਭੈਰਉ (1125), ਬਸੰਤ (1168), ਸਾਰੰਗ (1197), ਮਲ੍ਹਾਰ (1254), ਕਾਨ੍ਹੜਾ (1294), ਕਲਿਆਣ (1319), ਪ੍ਰਭਾਤੀ (1327) ਅਤੇ ਜੈਜਾਵੰਤੀ (1742) ਤੋਂ ਆਰੰਭ ਹੁੰਦੇ ਹਨ। ਸੰਗੀਤ ਵਿਦਵਾਨਾਂ ਨੇ ਇਹਨਾਂ ਰਾਗਾਂ ਅਧੀਨ 31 ਉਪ ਰਾਗ ਪਛਾਣੇ ਹਨ। ਇਹਨਾਂ ਦਾ ਕ੍ਰਮ ਮੁੱਖ ਰਾਗ ਅਧੀਨ ਇੰਝ ਹੈ। ਗਉੜੀ (ਗਿਆਰਾਂ), ਆਸਾ (ਤਿੰਨ), ਦੇਵਗੰਧਾਰੀ (ਇਕ), ਵਡਹੰਸ (ਇਕ) ਤਿਲੰਗ (ਇਕ), ਸੂਹੀ (ਦੋ), ਬਿਲਾਵਲ (ਦੋ), ਗੌਂਡ (ਇਕ), ਰਾਮਕਲੀ (ਇਕ) ਨਟ ਨਰਾਇਣ (ਇਕ), ਮਾਰੂ (ਦੋ), ਬਸੰਤ (ਇਕ), ਕਲਿਆਣ (ਇਕ), ਅਤੇ ਪ੍ਰਭਾਤੀ (ਤਿੰਨ), ਸਪਸ਼ਟ ਸਿਰਲੇਖੀ ਪਛਾਣ ਵਾਲੇ ਹਨ।

ਗੁਰਬਾਣੀ ਵਿਚ ਵਰਤੇ ਰਾਗਾਂ ਦਾ ਪਹਿਲਾ ਸੰਬੰਧ ਉਪਦੇਸ਼ ਦੇ ਸਮੇਂ ਅਨੁਸਾਰ ਰਾਗ ਦੀ ਚੋਣ ਮੰਨੀ ਜਾ ਸਕਦੀ ਹੈ। ਦੂਸਰਾ ਨੁਕਤਾ ਇਲਾਕੇ ਵਿਸ਼ੇਸ਼ ਵਿਚ ਲੋਕਪ੍ਰਿਯਤਾ ਰਾਗ ਦਾ ਸਮੇਂ ਦੇ ਅਨੁਸ਼ਾਸਨ ਅਧੀਨ ਚੋਣ ਦਾ ਹੈ। ਤੀਜਾ ਨੁਕਤਾ ਮੌਸਮੀ ਰਾਗਾਂ ਦੀ ਚੋਣ ਦਾ ਹੈ ਜੋ ਮੌਸਮ ਅਨੁਸਾਰ ਹਰੇਕ ਇਲਾਕੇ ਵਿਚ ਲੋਕਪ੍ਰਿਅ ਤੇ ਬਹੁਪ੍ਰਚਾਰਿਤ ਰਾਗ ਪ੍ਰਸਿੱਧ ਹੁੰਦੇ ਹਨ। ਚੌਥਾ ਨੁਕਤਾ ਵਿਸ਼ੇਸ਼ ਵਿਧਾ ਗਾਇਨ ਮਰਯਾਦਾ ਹੈ ਜਿਵੇਂ ਦਖਣੀ ਪਰੰਪਰਾ ਦਾ ਉਲੇਖ (ਗਉੜੀ ਦੱਖਣੀ, ਬਿਲਾਵਲ ਦੱਖਣੀ, ਮਾਰੂ ਦੱਖਣੀ ਰਾਮਕਲੀ ਦੱਖਣੀ, ਵਡਹੰਸ ਦੱਖਣੀ ਅਤੇ ਪ੍ਰਭਾਤੀ ਦੱਖਣੀ) ਸਪਸ਼ਟ ਕਰਦਾ ਹੈ ਕਿ ਗਾਇਨ ਪਰੰਪਰਾ ਦਾ ਅੰਤਰ ਉਸ ਸਮੇਂ ਕਾਇਮ ਹੋ ਚੁੱਕਿਆ ਸੀ। ਗੁਰਬਾਣੀ ਵਿਚ ਸ਼ੁੱਧ ਰਾਗ ਕ੍ਰਮ ਅਨੁਸਾਰ ਇਕੱਤੀ (31) ਹਨ ਉਪ ਸਿਰਲੇਖਾਂ ਅਧੀਨ ਛੇ ਰਾਗ ਦੱਖਣੀ ਹਨ। ਇਸ ਤੋਂ ਬਾਅਦ ਉਪਰ ਸਿਰ ਲੇਖੀ ਰਾਗ ਵਿਚ ਛਾਇਆ ਲਗ ਤੇ ਸੰਕੀਰਣ ਰਾਗਾਂ ਦਾ ਵਰਗੀਕਰਨ ਕੀਤਾ ਜਾਂਦਾ ਹੈ। ਇਕ ਰਾਗ ਦੇ ਗਾਇਨ ਸਮੇਂ ਕਿਸੇ ਹੋਰ ਰਾਗ ਦੀ ਛਾਇਆ ਜਾਂ ਝਲਕ ਦ੍ਰਿਸ਼ਟੀ ਗੋਚਰ ਹੋ ਜਾਂਦੀ ਹੈ। ਅਜਿਹੇ ਰਾਗ ਦੋ ਰਾਗਾਂ ਦੇ ਮਿਸ਼ਰਣ ਨਾਲ ਬਣਦੇ ਹਨ। ਆਸਾ ਕਾਫੀ, ਗਉੜੀ ਮਾਝ, ਗਉੜੀ ਸੋਰਠਿ, ਗਉੜੀ ਬੈਰਾਗਣਿ, ਸੂਹੀ ਲਲਿਤ ਆਦਿਕ ਛਾਇਆ ਲਗ ਰਾਗਾਂ ਦੇ ਵਰਗ ਵਿਚ ਆਉਂਦੇ ਹਨ ਤੇ ਇਹਨਾਂ ਦੀ ਕੁੱਲ ਗਿਣਤੀ ਚੌਵੀ ਹੈ ਸੰਕੀਰਣ ਵਰਗ ਵਿਚ ਦੋ ਤੋਂ ਵੱਧ ਰਾਗਾਂ ਦਾ ਮਿਸ਼ਰਨ ਹੁੰਦਾ ਹੈ ਅਤੇ ਗੁਰਬਾਣੀ ਵਿਚ ਇਕੋ ਗਉੜੀ ਪੂਰਬੀ ਦੀਪਕੀ ਸੰਕੀਰਣ ਰਾਗ ਵਰਗ ਦਾ ਹੈ।

ਭਾਰਤ ਦੇ ਸ਼ਾਸਤਰੀ ਰਾਗਾਂ ਦੇ ਵਰਗੀਕਰਣ ਵਿਚ ਵੱਖ ਵੱਖ ਪਰੰਪਰਾ ਵਿਚ ਮੁੱਖ ਰਾਗ, ਉਹਨਾਂ ਦੀ ਪਤਨੀਆਂ ਰਾਗਨੀਆਂ, ਪੁੱਤਰ ਅਤੇ ਪੁੱਤਰ ਬਧੂਆਂ ਦਾ ਉਲੇਖ ਮਿਲਦਾ ਹੈ।ਅਜਿਹੀ ਪੱਧਤੀਆਂ ਵਿਚ ਭੈਰਉ ਰਾਗ ਨੂੰ ਮੁੱਖ ਰੱਖ ਕੇ ਰਾਗਾਂ ਅਤੇ ਉਹਨਾਂ ਦੀ ਪੰਜ ਪੰਜ ਪਤਨੀਆਂ ਰਾਗਨੀਆਂ ਅਤੇ ਅੱਠ ਅੱਠ ਪੁੱਤਰਾਂ ਦਾ ਉਲੇਖ ਕਰਨ ਵਾਲੀ ਇਕ ਰਾਗ ਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੀਰ (ਪੰਨਾ 1429-1430) ਵਿਚ ਦਰਜ ਹੈ। ਇਸ ਨੂੰ ਦਰਜ ਕਰਨ ਦਾ ਕੋਈ ਅਧਿਆਤਮਕ ਪੱਖ ਨਹੀਂ ਸਵੀਕਾਰਿਆ ਜਾ ਸਕਦਾ ਅਤੇ ਸੂਚਨਾਤਮਕ ਢੰਗ ਨਾਲ ਤਤਕਾਲੀ ਇਕ ਸੰਗੀਤ ਪਰੰਪਰਾ ਦਾ ਰੂਪ ਜ਼ਰੂਰ ਦੱਸਿਆ ਗਿਆ ਹੈ। ਗੁਰੂ ਜੀ ਨੇ ਕ੍ਰਾਂਤਕਾਰੀ ਰੂਪ ਵਿਚ ਰਾਗਾਂ ਦੇ ਨਰ-ਮਾਦਾ ਵਿਭਾਜਨ ਨੂੰ ਸਵੀਕਾਰ ਨਹੀਂ ਕੀਤਾ ਅਤੇ ਗੁਰਬਾਣੀ ਦਰਜ ਸੰਕਲਨ ਕਰਨ ਸਮੇਂ ਗੁਰੂਆਂ

ਭਗਤਾਂ ਦੇ ਵਰਤੇ ਰਾਗਾਂ ਨੂੰ ਇਕ ਨਿਸ਼ਚਿਤ ਕ੍ਰਮ ਵਿਚ ਪ੍ਰਕਾਸ਼ਨ ਕਰਨ ਦੀ ਸੁਗਮ-ਮਾਰਗ ਨਿਸ਼ਚਿਤ ਕਰ ਦਿੱਤਾ। ਪਹਿਲਾ ਰਾਗ ਸਿਰੀ ਹੈ:

ਰਾਗ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ॥ (83)

ਸ੍ਰੀ ਰਾਗ ਲਕਸ਼ਮੀ ਦਾ ਜਾਂ ਉਨ੍ਹਾਂ ਐਸ਼ਵਰਜਾਂ ਦਾ ਹੈ ਜਿਹਨਾਂ ਨੂੰ ਧਾਰਨ ਕਰਨ ਵਾਲਾ ਈਸ਼ਵਰ ਕਿਹਾ ਜਾਂਦਾ ਹੈ। ਇਸ ਦੇ ਪਹਿਲੇ ਸ਼ਬਦ ਦੀ ਪਹਿਲੀ ਦਾ ਅਰੰਭ ਤੁਕ-ਮੋਤੀ ਤ ਮੰਦਰ ਊਸਹਿ ਰਤਨੀ ਤ ਹੋਹਿ ਜੜਾਉ। (14) ਵੈਭਵ ਭਰੀ ਵਿਲੱਖਣ ਉਸਾਰੀ ਰੂਪ ਨਾਲ ਹੋਂਦਾ ਹੈ ਮਨੁੱਖਤਾ ਦੇ ਇਤਿਹਾਸ ਵਿਚ ਐਸੇ ਕਿਸੇ ਨਿਰਮਾਨ ਦਾ ਵੇਰਵਾ ਨਹੀਂ ਮਿਲਦਾ ਜਿਸਦੀ ਰਚਨਾ ਮੋਤੀਆਂ-ਰਤਨਾਂ ਨਾਲ ਹੋਈ ਹੋਵੇ। ਗੁਰੂ ਜੀ ਅਜਿਹੀ ਚਾਰ ਵਿਲੱਖਣ ਸੰਭਾਵਨਾਵਾਂ ਦੇ ਚਾਰ ਪਦਾ ਦੇ ਉਪਸੰਹਾਰ ਤੁਕ : "ਮਤੁ ਦੇਖਿ ਭੂਲੀ ਵੀਸਰੈ ਤੇਰਾ ਚਿਤ ਨ ਆਵੈ ਨਾਉ॥ ਨਾਲ ਕੀਤਾ ਹੈ। ਦੂਜਾ ਸ਼ਬਦ ਕੋਟਿ ਕੋਈ ਮੇਰੀ ਆਰਜਾ ਪਵਣ ਪੀਅਣ॥ ਨਾਲ ਆਰੰਭ ਹੁੰਦਾ ਹੈ ਅਤੇ ਗਿਆਨ ਉਪਸੰਹਾਰ ਚਹੁ ਪਦਾਂ ਦਾ ਹੀ ਭੀ ਤੇਰੀ ਕੀਮਤਿ ਨਾ ਪਵੈ ਚਉ ਕੇਵਡੁ ਆਖਾ ਨਾਉ॥ ਤੁਕ ਨਾਲ ਹੁੰਦਾ ਹੈ।

ਇਸ ਤਰ੍ਹਾਂ ਲੌਕਿਕ ਵੈਭਵ ਦੀ ਸਾਰੀ ਅਨਹੋਣੀਆਂ ਨੂੰ ਸੰਭਵ ਮੰਨ ਕੇ ਵੀ ਇਹਨਾਂ ਤੋਂ ਇਸ ਲਈ ਨਿਰਲੇਪਤਾ ਮੰਗੀ ਗਈ ਹੈ ਕਿ ਕੋਈ ਸਵਾਸ ਨਾਮ ਸਿਮਰਨ ਜਪੁ ਤੋਂ ਸੁੰਨਾ ਨਾ ਰਹਿ ਜਾਏ। ਦੂਜੇ ਸ਼ਬਦ ਵਿਚ ਆਤਮਿਕ ਸਿੱਧੀਆਂ ਦੀਆਂ ਅਸੰਭਵ ਚਾਰ ਸਥਿਤੀਆਂ ਨੂੰ ਸੰਭਵ ਮੰਨ ਕੇ ਉਨਾਂ ਨਾਲ ਪਸਰੇ ਅਹੰਕਾਰ ਦੇ ਵਿਚ ਪਰਮਾਤਮਾ ਭੁੱਲ ਜਾਏਗਾ ਤੇ ਉਸਦਾ ਨਾਮ ਲੈਣ ਦਾ ਚਿੱਤ ਚੇਤਾ ਹੀ ਨਹੀਂ ਰਹੇਗਾ। ਇਸ ਤਰ੍ਹਾਂ ਗੁਰੂ ਗ੍ਰੰਥ ਦੇ ਮੁੱਢਲੇ ਸਿਰਲੇਖ ਜਪੁ ਜੀ ਸਰਬੋਤਮਤਾ ਦਾ ਉਪਦੇਸ਼ ਦ੍ਰਿੜ ਕਰਾਇਆ ਤੇ ਆਰੰਭਿਆ ਗਿਆ ਹੈ।

ਆਤਮਿਕ ਤੌਰ 'ਤੇ ਇਸ ਹਿਰਦੇ ਰੂਪੀ ਮੰਦਿਰ ਨੂੰ ਹੀ ਰਤਨਾਂ (ਮੋਤੀਆਂ-ਨਾਮ ਜਪੁ) ਨਾਲ ਉਸਾਰਿਆ ਜਾ ਸਕਦਾ ਹੈ ਅਤੇ ਇਸ ਵਿਚ ਭਗਤੀ ਰੂਪੀ ਲਾਲ-ਹੀਰੇ ਪ੍ਰਕਾਸ਼ ਕਰਦੇ ਹਨ (ਅਨੰਦ ਸਾਹਿਬ ਅਨੁਸਾਰ)

ਗੁਰ ਕਾ ਸਬਦੁ ਰਤਨ ਹੈ ਹੀਰੇ ਜਿਤੁ ਜੜਾਉ॥

ਕਹੈ ਨਾਨਕ ਸਬਦ ਰਤਨੁ ਹੈ ਹੀਰਾ ਜਿਤੁ ਜੜਾਉ॥

ਅਤੇ ਇਸ ਨਿਰਮਾਣ ਨਾਲ ਹੀ ਸੰਭਵ ਹੀ ਹਿਰਦਾ ਪ੍ਰਭ ਮੰਦਰ ਬਣ ਜਾਂਦਾ ਹੈ।

ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰ ਬਨਿਆ॥ ਕਿਉਂਕਿ - ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ॥

ਪਰਮੇਸਰੀ ਰਚਨਾ ਵਿਚ ਮਨੁੱਖੀ ਜਨਮ ਤੇ ਸਰੀਰ ਵੀ ਰਤਨ ਸਮਾਨ ਮੰਨਿਆ ਗਿਆ ਹੈ-ਰਤਨ ਵਿਗਾੜ ਵਿਗੋਏ ਕੁਤੀ ਮੁਇਆ ਸਾਰ ਕਾਈ (360) ਬਾਬਰ ਦੇ ਹਮਲੇ ਦੇ ਸੰਦਰਭ ਵਿਚ ਗੁਰੂ ਜੀ ਰਤਨ ਰੂਪੀ ਮਨੱਖੀ ਦੇਹਾਂ ਦੇ ਨਾਸ ਦੀ ਭਵਿੱਖਬਾਣੀ ਕਰਦੇ ਹਨ।

ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੁਨੀਆਂ ਦਾ ਇਕੋ ਇਕ ਧਰਮ ਗ੍ਰੰਥ ਹੈ ਜੋ ਧਰਮ ਗੁਰੂ ਨੇ ਆਪ ਬਣਾਇਆ ਹੈ ਤੇ ਪ੍ਰਕਾਸ਼ਤ ਕੀਤਾ ਰਾਗ ਸੰਗੀਤ ਨੂੰ ਪ੍ਰਮੁੱਖਤਾ ਦੇ ਕੇ ਮਨੁੱਖੀ ਸਾਧਨਾ ਭਗਤੀ ਲਈ ਸੰਗੀਤਕ ਕੀਰਤਨ ਦੀ ਉਪਮਾ ਨਾਲ ਸਦੀਵੀ ਪਰੀਚਿਤ ਕਰਾਇਆ ਹੈ। ਸੰਸਾਰ ਦੀ ਰਚਨਾ ਤੇ ਸੰਚਾਲਨ ਸ਼ਬਦ (ਧੁਨੀ-ਨਾਦ) ਨਾਲ ਹੋਇਆ ਹੈ ਅਤੇ ਇਸ ਨਾਦ ਰੂਪੀ ਪਰਾਬਾਣੀ ਤ੍ਰੋ ਇਹ ਸ਼ਬਦ (ਅੱਖਰੀ) ਬਾਣੀ ਪਸ਼ੰਤੀ (ਹਿਰਦੇ ਭਾਵ) ਤੇ ਮੱਧਮ (ਕੰਠ) ਤੋਂ ਲੰਘ ਕੇ ਬੈਖਰੀ ਪ੍ਰਗਟ ਹੋਈ ਹੈ। ਗੁਰਬਾਣੀ ਗੁਰਮਤਿ ਸੰਗੀਤ ਵਿਚ ਕੀਰਤਨ ਕਰਕੇ ਨਾਦ ਦੀ ਮੂਲ ਪਰਾ ਬਾਣੀ ਦਾ ਸ਼ੁੱਧ ਕੀਰਤਨ ਪ੍ਰਭੂ ਮਿਲਣ ਦਾ ਸਰਲ-ਸੌਖਾ-ਸੁਗਮ ਤੇ ਸਪਸ਼ਟ ਰਾਜਯੋਗ ਮਾਰਗ ਹੈ

ਰਾਜ ਲੀਲਾ ਤੇਰੇ ਨਾਮਿ ਬਣਾਈ॥ ਜੋਗੁ ਬਣਿਆ ਤੇਰਾ ਕੀਰਤਨੁ ਗਾਈ॥ (1314)

C/o Gurdial Singh Rajinder Singh, # 162-a, Grain Market, Sector 26, **Chandigarh**

# ਰਾਗ ਸੂਹੀ

**ਡਾ. ਜਾਗੀਰ ਸਿੰਘ**

ਵਾਦੀ-ਸੰਵਾਦੀ : ਪੰਚਮ-ਸ਼ੜਜ, ਥਾਟ : ਬਿਲਾਵਲ, ਸਮਾਂ : ਦਿਨ ਦਾ ਦੂਜਾ ਪਹਿਰ, ਜਾਤੀ: ਸੰਪੂਰਨ
ਆਰੋਹ : ਸ ਰੇ ਗ ਮ ਪ, ਨੀ ਧ ਨੀ ਸਂ
ਅਵਰੋਹ : ਸਂ ਨੁੀ ਧ ਪ, ਮ ਗ, ਰੇ ਗ ਰੇ ਸ।
ਮੁੱਖ ਅੰਗ : ਸਂ ਨੁੀ ਪ, ਮ ਗ ਰੇ ਗ, ਮ ਗ ਰੇ ਸ।
ਸੁਰ ਵਿਸਥਾਰ : 1. ਸ, ਰੇ ਸ, ਨ਼ੀ ਸ, ਨੁ਼ੀ , ਧ਼ ਪ਼ ਨ਼ੀ ਧ਼ ਨ਼ੀ ਸ, ਰੇ ਗ ਮ ਗ, ਰੇ ਗ ਮ ਪ, ਧ ਪ ਨੁੀ ਪ
ਰੇ ਗ ਮ ਪ, ਮ ਗ ਰੇ ਗ ਮ ਗ, ਰੇ ਸ।

ਰਾਗ ਸੂਹੀ — ਤਾਲ ਦਾਦਰਾ

| | | | | | | | | | | | |
|---|---|---|---|---|---|---|---|---|---|---|---|
| × | | | 0 | | | × | | | 0 | | |
| ਸਥਾਈ | | | | | | | | | | | |
| | | | | | | ਗ | ਮ | ਗਰੇ | ਗਮ | ਪ | ਪ |
| | | | | | | ਤੈ | ऽ | ਸਾऽ | ਹਿਬ | ਕੀ | ਮੈ |
| ਗ | ਮ | ਨੁੀਧ | ਪ | - | ਪ | ਨੁੀਧ | ਪ | ਪ | ਪਮ | ਗ | - |
| ਸਾ | ਰ | ਨऽ | ਜਾ | ऽ | ਨੀ | ਜੋऽ | ਬ | ਨੁ | ਖੋऽ | ਇ | ऽ |
| ਮਗ | ਰੇ | ਰੇਗ | ਰੇ | ਸ | - | | | | | | |
| ਪਾऽ | ਛੈ | ਪਛੁ | ਤਾ | ਨੀ | ऽ | | | | | | |
| ਅੰਤਰਾ | | | | | | | | | | | |
| | | | | | | ਪਪ | ਨੀਧ | ਨੀ | ਸਂਸਂ | ਸਂ | ਸਂ |
| | | | | | | ਤਪਿ | ਤऽ | ਪਿ | ਲੁਹਿ | ਲੁ | ਹਿ |
| ਸਂ | ਰੇਂ | ਗਂ | ਰੇਂ | ਸਂ | - | ਸਂ | ਸਂ | ਸਂ | ਨੁੀ | ਧ | ਪ |
| ਹਾ | ਥ | ਮ | ਰੋ | ਰਉ | ऽ | ਬਾ | ਵ | ਲਿ | ਹੋ | ਈ | ऽ |
| ਪ | ਮ | ਗ | ਰੇਗ | ਰੇ | ਸ | ਪ | ਨੀਧ | ਨੀ | ਸਂਸਂ | ਸਂ | ਸਂ |
| ਸੋ | ਸ | ਹੁ | ਲੋऽ | ਰਉ | ऽ | ਤੈ | ऽ | ਸਹਿ | ਮਨ | ਮ | ਹਿ |
| ਸਂ | ਰੇਂ | ਗਂ | ਰੇਂ | ਸਂ | - | ਸਂਸਂ | ਸਂ | ਸਂ | ਨੁੀਨੁੀ | ਧ | ਪ |
| ਕੀ | ਆ | ऽ | ਰੋ | ਸੁ | ऽ | ਮੁਝੁ | ਅ | ਵ | ਗਨ | ਸ | ਹ |
| ਪ | ਮ | ਗ | ਰੇਗ | ਰੇ | ਸ | | | | | | |
| ਨਾ | ਹੀ | ऽ | ਦੋऽ | ਸੁ | ऽ | | | | | | |

# ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

ਅੰਗ ੭੯੪

ਰਾਗੁ ਸੂਹੀ ਬਾਣੀ ਸੇਖ ਫਰੀਦ ਜੀ ਕੀ ॥ (Raag Soohee, The Word Of Shaykh Fareed Jee) ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥ (Burning and burning, writhing in pain, I wring my hands.) ਬਾਵਲਿ ਹੋਈ ਸੋ ਸਹੁ ਲੋਰਉ ॥(I have gone insane, seeking my Husband Lord.) ਤੈ ਸਹਿ ਮਨ ਮਹਿ ਕੀਆ ਰੋਸੁ ॥ (O my Husband Lord, You are angry with me in Your Mind) ਮੁਝੁ ਅਵਗਨ ਸਹ ਨਾਹੀ ਦੋਸੁ ॥੧॥ (The fault is with me, and not with my Husband Lord. ||1||) ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥ (O my Lord and Master, I do not know Your excellence and worth.) ਜੋਬਨੁ ਖੋਇ ਪਾਛੈ ਪਛੁਤਾਨੀ ॥੧॥ ਰਹਾਉ ॥ (Having wasted my youth, now I come to regret and repent. ||1||Pause||) ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥ (O black bird, what qualities have made you black?) ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥ ("I have been burnt by separation from my Beloved.") ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥ (Without her Husband Lord, how can the soul-bride ever find peace?) ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥੨॥ (When He becomes merciful, then God unites us with Himself. ||2||) ਵਿਧਣ ਖੂਹੀ ਮੁੰਧ ਇਕੇਲੀ ॥ (The lonely soul-bride suffers in the pit of the world.) ਨਾ ਕੋ ਸਾਥੀ ਨਾ ਕੋ ਬੇਲੀ ॥ (She has no companions, and no friends.) ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ ॥ (In His Mercy, God has united me with the Saadh Sangat, the Company of the Holy.) ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥੩॥ (And when I look again, then I find God as my Helper. ||3||ਵਾਟ ਹਮਾਰੀ ਖਰੀ ਉਡੀਣੀ ॥ (The path upon which I must walk is very depressing.) ਖੰਨਿਅਹੁ ਤਿਖੀ ਬਹੁਤੁ ਪਿਈਣੀ ॥ (It is sharper than a two-edged sword, and very narrow.) ਉਸੁ ਊਪਰਿ ਹੈ ਮਾਰਗੁ ਮੇਰਾ ॥ (That is where my path lies.) ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ ॥੪॥੧॥ (O Shaykh Fareed, think of that path early on. ||4||1||)


**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# Practice the following techniques to become the master of your own time

Carry a schedule and record all your thoughts, conversations and activities for a week. This will help you understand how much you can get done during the course of a day and where your precious moments are going. You'll see how much time is actually spent producing results and how much time is wasted on unproductive thoughts, conversations and actions.

Any activity or conversation that's important to your success should have a time assigned to it. To-do lists get longer and longer to the point where they're unworkable. Appointment books work. Schedule appointments with yourself and create time blocks for high-priority thoughts, conversations, and actions. Schedule when they will begin and end. Have the discipline to keep these appointments.

Plan to spend at least 50 percent of your time engaged in the thoughts, activities and conversations that produce most of your results.

Schedule time for interruptions. Plan time to be pulled away from what you're doing. Take, for instance, the concept of having "office hours." Isn't "office hours" another way of saying "planned interruptions?"

Take the first 30 minutes of every day to plan your day. Don't start your day until you complete your time plan. The most important time of your day is the time you schedule to schedule time.

Take five minutes before every call and task to decide what result you want to attain. This will help you know what success looks like before you start. And it will also slow time down. Take five minutes after each call and activity to determine whether your desired result was achieved. If not, what was missing? How do you put what's missing in your next call or activity?

Put up a "Do not disturb" sign when you absolutely have to get work done.

Practice not answering the phone just because it's ringing and e-mails just because they show up. Disconnect instant messaging. Don't instantly give people your attention unless it's absolutely crucial in your business to offer an immediate human response. Instead, schedule a time to answer email and return phone calls.

Block out other distractions like Facebook and other forms of social media unless you use these tools to generate business.

Remember that it's impossible to get everything done. Also remember that odds are good that 20 percent of your thoughts, conversations and activities produce 80 percent of your results.

BY Joe Mathews, Don Debolt and Deb Percival

Read more: http://www.entrepreneur.com

Postal Regd. No. G/CHD /0045/2012-14 RNI Regd. No. 46788/89 ISSN 0972-2335

ੴ

## ਗੁਰਬਾਣੀ ਕੀਰਤਨ

ਡਾ. ਜਾਗੀਰ ਸਿੰਘ, ਚੰਡੀਗੜ੍ਹ

## ਬਰਸੁ ਮੇਘ ਜੀ

## BARAS MEGH JI

- ਬਰਸੁ ਮੇਘ ਜੀ
- ਮੋਰੀ ਰੁਣ ਝੁਣ ਲਾਇਆ
- ਬਰਸੁ ਘਨਾ ਮੇਰਾ ਮਨੁ ਭੀਨਾ
- ਕਿਆ ਨਾਹੀ ਘਰਿ ਤੇਰੈ

- Baras Megh ji
- Mori Run Jhun Laya
- Baras Ghana Mera Man Bheena
- Kiya Nahi Ghar Tere

**DR. JAGIR SINGH**
# 422, Sector 15-A, Chandigarh
Ph : 0172-2772660, 098140 53630
e-mail : drjagirsingh@gmail.com
www.amritkirtan.com

ਇਸ ਸੀ. ਡੀ. ਨੂੰ ਮੁਫਤ ਪ੍ਰਾਪਤ ਕਰਨ ਲਈ ਆਪਣਾ ਨਾਮ ਅਤੇ ਐੱਡਰੈੱਸ
ਮੋਬਾਇਲ ਨੰ: 9855640630 ਉੱਤੇ ਐੱਸ. ਐੱਮ. ਐੱਸ. ਕਰੋ ਜੀ

# ਅੰਮ੍ਰਿਤ ਕੀਰਤਨ

# 422, ਸੈਕਟਰ 15-ਏ, ਚੰਡੀਗੜ੍ਹ-160 015, ਮੋਬਾਇਲ : 9855640630
E-mail : drjagirsingh@gmail.com Webstie : www.amritkirtan.com